ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਲੁਧਿਆਣਾ

MONTHLY **SURA** LUDHIANA

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ



ਜੁਲਾਈ, ੯੫

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ
ਕੀਰਤਨ ਅਖਾੜੇ ਵਿੱਚ

JULY, 95

3 ਰੁਪਏ

www.AKJ.Org

## ਤੱਤਕਰਾ


| | |
|---|---|
| ੧. ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ | ੧ |
| ੨ ਅਰਥ ਵਿਆਖਿਆ | ੨ |
| ੩ ਜਾਗਪੁਰ ਵਾਲੇ ਭਾਈ ਸੋਹਨ ਸਿੰਘ ਜੀ | ੪ |
| ੪. ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਯੋਗਦਾਨ | ੬ |
| ੫ ਫਲ ਸਦਾ ਸ਼ਰਧਾ ਨੂੰ ਲੱਗਦੇ ਹਨ | ੯ |
| ੬ MEDITATING ON NAM (3) | ੧੩ |
| ੭. ਬੱਚਿਆਂ ਲਈ ਸਵਾਲਾਂ ਦੇ ਜਵਾਬ | ੧੪ |
| ੮ ਕਬਿੱਤ ਸਵੱਯੇ (੩੭) | ੧੫ |
| ੯ ਮੀਰੀ ਪੀਰੀ ਸਿਧਾਂਤ ਤੇ ਗੁਰੂ ਹਰਗੋਬਿੰਦ ਸਾਹਿਬ | ੧੬ |
| ੧੦. ੧੯੯੯ ਤੇ ਸਿੱਖ ਇਸਤਰੀ | ੧੭ |
| ੧੧. ਗੁਰਮਤਿ ਬਿਬੇਕ ਤੇ ਸੁੱਚ-ਭਿੱਟ | ੨੨ |
| ੧੨ ਭਾਈ ਰਣਧੀਰ ਸਿੰਘ ਜੀ ਦੀ ਸਖਸ਼ੀਅਤ | ੨੩ |
| ੧੩. ਹਰਖਹੁ ਸੋਗਹੁ ਬਾਹਿਰਾ | ੨੫ |
| ੧੪. ਦੁਖੁ ਦਾਰੂ | ੨੮ |
| ੧੫ ਗੁਪਤ ਮਿਲਣੀ ਦੀ ਖੁਸ਼ਬੋ | ੩੦ |
| ੧੬ ਵਾਰ ਮਾਰੂ ਡਖਣੇ (੨) | ੩੨ |
| ੧੭. ਮਨੁੱਖ ਨੂੰ ਚੇਤਾਵਨੀ | ੩੩ |
| ੧੮. ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸਦਾ ਇਤਿਹਾਸਕ ਮਹੱਤਵ | ੩੪ |
| ੧੯. ਬਾਪੂ ਜੀ ਤੇ ਬੱਚੇ (੧੧) | ੩੬ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀ ੮ ਜੁਲਾਈ     ਪ੍ਰਕਾਸ਼ ਗੁਰੂ ਹਰਿਕ੍ਰਿਸ਼ਨ ਸਾਹਿਬ ੨੦ ਜੁਲਾਈ     ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ੨੭ ਜੁਲਾਈ

## ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ ਮੈਂਬਰਸ਼ਿਪ 300 ਰੁ: ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ 50/, 100/, 150/ ਇਤਿਆਦ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫ਼ਤਰ ਭੇਜ ਦੇਣ ਜਾਂ ਨਜ਼ਦੀਕੀ ਸੇਵਾਦਾਰ ਕੋਲ ਜਮ੍ਹਾਂ ਕਰਵਾ ਦੇਣ ਤਾਂ ਜੋ ਇਹ ਪਰਚਾ ਆਪ ਜੀ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ 1 ਤੇ ਲਿਖੇ ਹੋਏ ਹਨ।

ਸੰਪਾਦਕ

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

1. ਲੁਧਿਆਣਾ– 1. ਮੁੱਖ ਦਫ਼ਤਰ "ਸੂਰਾ"–ਕੋਠੀ ਨੰਬਰ ੧੨, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
   2. ਸਬ ਆਫ਼ਿਸ 'ਸੂਰਾ' ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
2. ਜਲੰਧਰ– ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
3. ਹੁਸ਼ਿਆਰਪੁਰ– ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
4. ਪਟਿਆਲਾ– ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ।
5. ਚੰਡੀਗੜ੍ਹ ਤੇ ਮੋਹਾਲੀ–ਭਾਈ ਫ਼ੌਜਿੰਦਰ ਸਿੰਘ ਜੀ, ੫੩੩/੩- ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
6. ਦਿੱਲੀ– ਭਾਈ ਹਰਦਿਤ ਸਿੰਘ ਜੀ, ਏ ੩੫, ਫ਼ਤਿਹ ਨਗਰ।
7. ਸਾਰੇ ਸਮਾਗਮਾਂ ਸਮੇਂ– ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।
8. ਬਠਿੰਡਾ– ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
9. ਮੋਗਾ– ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ.ਰੋਡ, ਫ਼ੋਨ: ੨੪੩੪੮, ੨੧੬੮੧
10. ਅੰਮ੍ਰਿਤਸਰ– ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ: ੪੫੭੮੭ ਘਰ: ੨੩੧੫੨੦
11. ਯਮੁਨਾਨਗਰ– ਸ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ ਜਗਾਧਰੀ ਰੋਡ, ਪਿੰਨ ਕੋਡ–੧੩੫੦੦੧ ਫ਼ੋਨ:੨੬੨੧੭
12. ਸੰਗਰੂਰ– ਭਾਈ ਤ੍ਰਿਲੋਚਨ ਸਿੰਘ ਜੀ ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
13. ਫਗਵਾੜਾ– ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੋਬਿਆਂ, ਚੌੜਾ ਖੂਹ ਨੇੜੇ ਗੁ: ਪਾ: ੬

ਸੂਚਨਾ– ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮਾਂ ਕਰਾਉਣ ਲਈ ਸੰਪਰਕ ਕਰੋ

1. ਇੰਗਲੈਂਡ– ਭਾਈ ਗੁਰਨਾਮ ਸਿੰਘ ਜੀ 10–Lambourne Gardens, Early Reading, Berks U.K. Tel. ੦੭੩੪–੬੧੬੯੦੨.
2. ਅਮਰੀਕਾ– ਭਾਈ ਜੀਵਨ ਸਿੰਘ ਜੀ ਗੁਰਦੀਪ ਸਿੰਘ ਜੀ ਫ਼ੋਨ: ੧੮੦੦੭੨੨੬੨੧੨
3. ਕਨੇਡਾ– ਭਾਈ ਰਿਪੁਦਮਨ ਸਿੰਘ ਜੀ ਮਲਿਕ ਫ਼ੋਨ: ੧੮੦੦੬੬੩੦੨੨੪
4. ਆਸਟਰੇਲੀਆ– ਭਾਈ ਪਰਸ਼ੋਤਮ ਸਿੰਘ ਜੀ ਫ਼ੋਨ: ੦੬੧੮੬੩੪੮੪੧
5. ਨੀਉਜ਼ੀਲੈਂਡ– ਭਾਈ ਪਿਆਰਾ ਸਿੰਘ ਜੀ ਫ਼ੋਨ: ੦੬੯੨੭੬੪੩੨੨

## ਸੂਰਾ ਪੱਤਰ ਨੂੰ ਪੁੰਜੀ ਸਹਾਇਤਾ

| | | | |
|---|---|---|---|
| ਸ੍ਰ: ਅਮਰਜੀਤ ਸਿੰਘ ਜਬਲਪੁਰ | ੧੦੧/– | ਸ੍ਰ: ਭੁਪਿੰਦਰ ਸਿੰਘ ਸ਼ਹੀਦਾਂ ਦੀ ਯਾਦ ਵਿੱਚ | ੫੦/– |
| ਸ੍ਰ: ਮਨਿੰਦਰ ਸਿੰਘ ਲੁਧਿਆਣਾ | ੧੦੦੦/– | ਭਾਈ ਅਵਤਾਰ ਸਿੰਘ ਜੀ ਜੀਵਨ ਸਿੰਘ ਜੀ ਨਿਊਜਰਸੀ | ੫੦੦੦/– |
| ਸ੍ਰ: ਬੇਅੰਤ ਸਿੰਘ ਲੁਧਿਆਣਾ | ੧੦੦/– | ਸ੍ਰ: ਰਣਜੀਤ ਸਿੰਘ ਲੁਧਿਆਣਾ ਦੇ ਭੋਗ ਸਮੇ ਚੜ੍ਹਾਵਾ | ੧੫੦੦/– |
| ਗੁਪਤ | ੫੦੦੦/– | ਸ੍ਰ: ਦੀਦਾਰ ਸਿੰਘ ਬਸੰਤ ਵਿਹਾਰ ਦੇ ਭੋਗ ਸਮੇ ਪ੍ਰੀਵਾਰ ਵਲੋ | ੧੦੦/– |
| ਭਾਈ ਸੁਖਵੀਰ ਸਿੰਘ | ੧੫੦/– | ਸ੍ਰ: ਹਰਦਰਸ਼ਨ ਸਿੰਘ ਪੁੱਤਰ ਸ੍ਰ: ਸੋਹਣ ਸਿੰਘ ਬਰੇਲੀ ਦੇ ਭੋਗ ਸਮੇ ਚੜ੍ਹਾਵਾ | ੪੦੦/– |
| ਸ਼ਹੀਦ ਗੁਰਚਰਨ ਸਿੰਘ ਕਾਨਪੁਰ ਦੀ ਯਾਦ ਵਿੱਚ ਸਮਾਗਮ ਦਾ ਚੜ੍ਹਾਵਾ | | | ੩੦੦/– |

## ਗੁਰਮਤਿ ਪ੍ਰਚਾਰ ਲਈ "ਸੂਰਾ" ਦੇ ਵੱਧ ਤੋਂ ਵੱਧ ਨਵੇਂ ਮੈਂਬਰ ਬਣਾਉਣ ਦੀ ਕ੍ਰਿਪਾ ਕਰੋ ਜੀ।

ਡਿਜ਼ਾਈਨ ਕਰਾਫ਼ਟ ਗਿਲ ਰੋਡ ਲੁਧਿਆਣਾ–ਫ਼ੋਨ ੫੩੩੦੯੮ ਤੇ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋ ੧੨– ਆਈ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੇ ਪ੍ਰਕਾਸ਼ਤ ਕੀਤਾ।

www.AKJ.Org

# ਸੂਰਾ

ਅਖੰਡ ਕੀਰਤਨੀ ਜਥੇ ਵਲੋਂ ਨਿਰੋਲ
ਗੁਰਮਤਿ ਮਾਸਿਕ ਪੱਤਰ

ਜਿਲਦ ੨੯ ਜੁਲਾਈ–੧੯੯੫ ਅੰਕ ੭

| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30–00 | ਸਮੁੰਦਰੀ ਡਾਕ | 100–00 |
| ਇੱਕ ਪਰਚਾ | 3–00 | ਹਵਾਈ ਡਾਕ | 300–00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000–00 |
| ਦੇਸ਼ | 300–00 | ਹਵਾਈ ਡਾਕ | 3,000–00 |


## ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ

ਨਿਤ ਨਿਹਫਲ ਕਰਮ ਕਮਾਇ, ਬਫਾਵੈ ਦੁਰਮਤੀਆ।।
ਜਬ ਆਣੈ ਵਲਵੰਚ ਕਰਿ ਝੂਠੁ, ਤਬ ਜਾਣੈ ਜਗੁ ਜਿਤੀਆ।।੧।।
ਐਸਾ ਬਾਜੀ ਸੈਸਾਰੁ, ਨ ਚੇਤੈ ਹਰਿਨਾਮਾ।।
ਖਿਨ ਮਹਿ ਬਿਨਸੈ ਸਭੁ ਝੂਠੁ, ਮੇਰੇ ਮਨ ਧਿਆਇ ਰਾਮਾ।। ਰਹਾਉ।।
ਸਾ ਵੇਲਾ ਚਿਤਿ ਨ ਆਵੈ, ਜਿਤੁ ਆਇ ਕੰਟਕੁ ਕਾਲੁ ਗ੍ਰਸੈ।।
ਤਿਸੁ ਨਾਨਕ ਲਏ ਛਡਾਇ, ਜਿਸੁ ਕਿਰਪਾ ਕਰਿ ਹਿਰਦੈ ਵਸੈ।।੨।।੨।।

(ਤਿਲੰਗ ਮ: ੪, ਪੰਨਾ ੭੨੩)

**ਪਦ ਅਰਥ** : ਨਿਤ–ਹਮੇਸ਼ਾ। ਨਿਹਫਲ–ਨਿਸਫ਼ਲ, ਨਿਕੰਮੇ। ਕਰਮ ਕਮਾਇ–ਕੰਮ ਕਰਦਾ ਹੈ। ਬਫਾਵੈ – ਬਾਛਾਂ ਫੁਲਾਉਂਦਾ ਹੈ, ਹੰਕਾਰ ਵਿੱਚ ਫੁੱਲਦਾ ਹੈ। ਦੁਰਮਤੀਆ–ਖੋਟੀ ਮਤ ਵਾਲਾ ਮਨੁੱਖ। ਆਣੈ–ਲਿਆਉਂਦਾ ਹੈ। ਵਲਵੰਚ–ਛਲ। ਜਾਣੈ–ਸਮਝਦਾ ਹੈ।੧।

ਬਾਜੀ–ਖੇਡ, ਤਮਾਸ਼ਾ। ਨ ਚੇਤੈ–ਚੇਤੇ ਨਹੀਂ ਕਰਦਾ, ਸਿਮਰਦਾ ਨਹੀਂ। ਖਿਨ ਮਹਿ–ਛਿਨ ਵਿੱਚ। ਬਿਨਸੈ–ਨਾਸ ਹੋ ਜਾਂਦਾ ਹੈ। ਝੂਠੁ–ਨਾਸਵੰਤ। ਰਹਾਉ।

ਜਿਤੁ ਆਇ – ਜਿਸ ਵੇਲੇ ਆ ਕੇ। ਕੰਟਕੁ–ਕੰਡਾ, ਕੰਡੇ ਵਰਗਾ ਦੁਖਦਾਈ। ਗ੍ਰਸੈ–ਫੜ ਲੈਂਦਾ ਹੈ। ਹਿਰਦੈ ਵਸੈ–ਹਿਰਦੇ ਵਿੱਚ ਆ ਵੱਸਦਾ ਹੈ।੨।੨।।

## ਅੰਮ੍ਰਿਤ ਨਾਮ ਨੈਣੀ ਜਿਨ੍ਹਾਂ ਤਾਰ ਲੱਗੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਅੰਮ੍ਰਿਤ ਨਾਮ ਨੈਣੀ ਜਿਨ੍ਹਾਂ ਤਾਰ ਲੱਗੀ, ਅੰਮ੍ਰਿਤ ਛਕ ਹੋਏ ਮਤਵਾਲੜੇ ਜੀ।
ਅੰਮ੍ਰਿਤ ਬਰਸਦਾ ਤਿਨ੍ਹਾਂ ਦੇ ਲੋਇਣਾਂ ਤੋਂ, ਅੰਮ੍ਰਿਤ ਮੁਸ਼ਕਣੇ ਜਿਨ੍ਹਾਂ ਹਿਆਲੜੇ ਜੀ।
ਅੰਮ੍ਰਿਤ-ਧਾਰੀਆਂ ਨਰਾਂ ਤੇ ਨਾਰੀਆਂ ਦੇ, ਦਿਸਨਿ ਅੰਮ੍ਰਿਤੀ ਚਿਹਨ ਨਿਰਾਲੜੇ ਜੀ।
ਅੰਮ੍ਰਿਤ ਭੋਗ ਰਸ-ਜੋਤਿ ਸੁਹਾਗਵੰਤੇ, ਰੰਗ-ਰੱਤੜੇ ਭਗਤ ਰਸਾਲੜੇ ਜੀ।੨੧।
ਅੰਮ੍ਰਿਤ ਰਸ ਰਸੇ, ਜੋਤਿ ਲਸ ਲਸੇ, ਐਸਾ ਮੁਖੜਾ ਭਗਤ ਰਸੋਲਿਆਂ ਦਾ।
ਮੁਖੋਂ ਨੂਰ ਚੋਏ, ਕਿਰਨ ਜੋਤਿ ਹੋਏ, ਚੱਕਰ ਖ਼ੂਬ ਸੋਹੇ ਕਿਰਨ ਸ਼ੋਅਲਿਆਂ ਦਾ।
ਸ਼ੋਅਲੇ ਜੋਤਿ-ਕਿਰਨੀ ਘੁੰਮਣ ਮੁੱਖ ਦੁਆਲੇ, ਹਲਕਾ ਬੰਨ੍ਹ ਕੇ ਗੋਲ ਚੰਦੋਲਿਆਂ ਦਾ।
ਚੰਦ ਮੁਖ ਨੂੰ ਚੰਦ ਪਰਵਾਰ ਚੜ੍ਹਿਆ, ਜਲਵਾ ਨਵਲ ਨਵ ਚੰਦ ਚਮਕੋਲਿਆਂ।੨੨।
ਚਮਕਣ ਚਿਹਰੇ ਨੂਰ ਜ਼ਹੂਰੀਆਂ ਦੇ, ਮਨ ਮਨੂਰ ਸਸੀਅਰ ਸੂਰਜੋਲਿਆਂ ਦਾ।
ਝਲਕੇ ਸੂਰਜੋ ਚਾਰ ਚੰਦ ਹੋਰ ਚੜ੍ਹ ਕੇ, ਮੁਖੜਾ ਤੇਜਸੀ ਸੰਤ ਭਗਤੋਲਿਆਂ ਦਾ।
ਕੋਟ ਸੂਰ ਪਰਕਾਸ਼ ਵਿਗਾਸ ਅੰਤਰਿ, ਵਡ ਪ੍ਰਭਾਵ ਅਭਿਆਸ ਭਜਨੋਲਿਆਂ ਦਾ।
ਨਾਮ-ਰਾਸੀਆਂ ਜੋਤਿ ਵਿਗਾਸੀਆਂ ਨੂੰ, ਸਦ ਖਿੜਾਉ ਮੰਗਲ-ਆਨੰਦੋਲਿਆਂ।੨੩।

('ਜੋਤਿ ਵਿਗਾਸ' ਵਿਚੋਂ)



www.AKJ.Org

# ਅਰਥ ਵਿਆਖਿਆ

**ਅਰਥ** :- ਹੇ ਮੇਰੇ ਮਨ ! ਸੰਸਾਰ ਇਕ ਤਮਾਸ਼ੇ ਵਾਂਗ ਹੈ, ਨਾਸਵੰਤ ਹੈ, ਇਕ ਛਿਨ ਵਿੱਚ ਨਾਸ ਹੋ ਜਾਂਦਾ ਹੈ ਪਰ ਖੋਟੀ ਮੱਤ ਵਾਲਾ ਮਨੁੱਖ ਫਿਰ ਵੀ ਪ੍ਰਭੂ ਦਾ ਨਾਮ ਨਹੀਂ ਸਿਮਰਦਾ। ਹੇ ਮੇਰੇ ਮਨ ! ਤੂੰ ਤਾਂ ਪ੍ਰਭੂ ਦਾ ਧਿਆਨ ਧਰਦਾ ਰਹੁ। ਰਹਾਉ।

ਹੇ ਮੇਰੇ ਮਨ ! ਖੋਟੀ ਮੱਤ ਵਾਲਾ ਮਨੁੱਖ ਹਮੇਸ਼ਾ ਨਿਸਫਲ (ਲਾਭ-ਹੀਣ) ਕੰਮ ਕਰਦਾ ਰਹਿੰਦਾ ਹੈ ਅਤੇ ਹੰਕਾਰ ਵਿੱਚ ਫੁੱਲਿਆ ਨਹੀਂ ਸਮਾਉਂਦਾ। ਜਦੋਂ ਕੋਈ ਠੱਗੀ ਕਰ ਕੇ, ਝੂਠ ਬੋਲ ਕੇ ਕੁਝ ਮਾਲ-ਧਨ ਲੈ ਆਉਂਦਾ ਹੈ ਤਾਂ ਸਮਝਦਾ ਹੈ ਕਿ ਮੈਂ ਦੁਨੀਆਂ ਨੂੰ ਜਿੱਤ ਲਿਆ ਹੈ।੧।

ਹੇ ਮੇਰੇ ਮਨ ! ਖੋਟੀ ਮੱਤ ਵਾਲੇ ਮਨੁੱਖ ਨੂੰ ਉਹ ਵੇਲਾ ਕਦੇ ਯਾਦ ਨਹੀਂ ਆਉਂਦਾ ਜਦੋਂ ਦੁਖਦਾਈ ਕਾਲ (ਮੌਤ) ਆ ਕੇ ਫੜ ਲੈਂਦਾ ਹੈ। ਨਾਨਕ ਮੋਹਰ ਛਾਪ ਹੇਠ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿੱਚ ਪ੍ਰਭੂ ਕਿਰਪਾ ਕਰਕੇ ਆ ਵੱਸਦਾ ਹੈ, ਉਸ ਨੂੰ ਮੌਤ ਦੇ ਡਰ ਤੋਂ ਛੁਡਾ ਲੈਂਦਾ ਹੈ।੨।੨।

**ਵਿਆਖਿਆ** :- ਖੋਟੀ ਮੱਤ ਵਾਲੇ ਮਨੁੱਖ ਲਾਭ-ਹੀਣ ਕੰਮ ਹੀ ਹਮੇਸ਼ਾਂ ਕਰਦੇ ਹਨ। ਚੰਗਾ ਕੰਮ ਕਰਨ ਲਈ ਤਾਂ ਉਨ੍ਹਾਂ ਕੋਲ ਸੌ ਬਹਾਨੇ ਹਨ ਪਰ ਘਾਟੇ ਦਾ ਸੌਦਾ ਕਰਨ ਨੂੰ ਉਹ ਇਕ ਦੰਮ ਤਿਆਰ ਹੋ ਜਾਂਦੇ ਹਨ। ਘਾਟੇ ਦਾ ਸੌਦਾ ਹੈ ਚੋਰੀ ਠੱਗੀ, ਹੇਰਾ-ਫੇਰੀ, ਰਿਸ਼ਵਤ-ਖੋਰੀ, ਨਿੰਦਿਆ ਚੁਗਲੀ, ਮੈਂ ਮੇਰੀ ਵੱਸ ਕੀਤੇ ਕੰਮ। ਲਾਹੇ (ਨਫੇ/ਲਾਭ) ਵਾਲੇ ਕੰਮ ਹਨ ਸੇਵਾ ਸਿਮਰਨ, ਧਰਮ ਦੀ ਕਿਰਤ ਕਰਨੀ ਅਤੇ ਵੰਡ ਕੇ ਛਕਣਾ। ਖੋਟੀ ਮੱਤ ਵਾਲੇ ਮਨੁੱਖ ਹਨ ਦੁਰਮਤੀਏ, ਸਾਕਤ, ਨਾਸਤਕ, ਆਪਣੀ ਮੱਤ ਅਨੁਸਾਰ ਟਪੂਸੀਆਂ ਮਾਰਨ ਵਾਲੇ, ਹੰਕਾਰ ਵੱਸ ਹੋ ਕੇ ਵਿੰਗੇ ਟੇਢੇ ਕੰਮ ਕਰਨ ਵਾਲੇ "ਮੈਂ ਮੈਂ" ਦੇ ਭੂਕਨੇ, ਦੁਨੀਆਂ ਵਿੱਚ ਫਤੂਰ ਮਚਾਉਣ ਵਾਲੇ, ਗਰੀਬ ਗੁਰਬੇ ਨਾਲ ਧੱਕਾ ਕਰਨ ਵਾਲੇ, ਫੋਕੀਆਂ ਟਾਹਰਾਂ ਮਾਰਨ ਵਾਲੇ, ਵਿਸ਼ੇ ਵਿਕਾਰਾਂ ਵਿੱਚ ਲੱਥ ਪੱਥ ਦੁਰਮਤਿ-ਮਦ ਪੀਣ ਵਾਲੇ, ਮਨੁੱਖਾ-ਜਾਤ ਪਰ ਕਰਤੂਤਾਂ ਪਸ਼ੂਆਂ ਵਾਲੀਆਂ। ਅਜੇਹੇ ਮਨੁੱਖ ਝੂਠ ਤੁਫਾਨ ਬੋਲ ਕੇ, ਹੇਰਾ ਫੇਰੀ ਠੱਗੀ ਠੋਰੀ ਕਰ ਕੇ ਜਦੋਂ ਮਾਲ ਮਤਾ ਘਰ ਲਿਆਉਂਦੇ ਹਨ ਤਾਂ ਉਹ ਸਮਝਦੇ ਹਨ ਕਿ ਉਨ੍ਹਾਂ ਨੇ ਜੱਗ ਜਿੱਤ ਲਿਆ ਹੈ। ਕੂੜ ਦੀ ਖੱਟੀ ਕਮਾਈ ਘਰ ਲਿਆ ਕੇ ਉਹ ਫੁੱਲੇ ਨਹੀਂ ਸਮਾਉਂਦੇ, ਹੰਕਾਰ ਵਿੱਚ ਆ ਕੇ ਫੜ੍ਹਾਂ ਮਾਰਦੇ ਸਾਹ ਨਹੀਂ ਲੈਂਦੇ। ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਠੀਕ ਹੀ ਕਹਿੰਦੇ ਹਨ-

**ਨਿਤ ਨਿਹਫਲ ਕਰਮ ਕਮਾਇ, ਬਫਾਵੈ ਦੁਰਮਤੀਆ।।**
**ਜਬ ਆਣੈ ਵਲਵੰਚ ਕਰਿ ਝੂਠੁ, ਤਬ ਜਾਣੈ ਜਗੁ ਜਿਤੀਆ।।**

ਖੋਟੀ ਮੱਤ ਵਾਲੇ ਮਨੁੱਖ ਨੂੰ ਖੋਟੇ ਖਰੇ ਦੀ ਕੋਈ ਪਹਿਚਾਣ ਨਹੀਂ, ਉਸ ਲਈ ਘੋੜਾ ਖੋਤਾ ਇੱਕ ਬਰਾਬਰ ਹਨ। ਸਤਿ-ਧਰਮ ਦੇ ਰਾਹ ਤੁਰੇ ਜਾਂਦਿਆਂ ਨੂੰ ਮਖੌਲ ਕਰਦੇ ਹਨ ਕਿਉਂਕਿ ਧਰਮੀ-ਮਨੁੱਖ "ਖਾਓ ਪੀਓ, ਮੌਜ ਉੜਾਓ" ਨੂੰ ਆਪਣੇ ਜੀਵਨ ਦਾ ਧੁਰਾ ਨਹੀਂ ਸਮਝਦੇ। ਬਿਬੇਕ-ਬੁੱਧ-ਹੀਣ ਬੰਦਿਆਂ ਨੂੰ ਅੰਮ੍ਰਿਤ ਕੌੜਾ ਲਗਦਾ ਹੈ। ਜਹਿਰ ਰੂਪ ਖਾਧ ਖੁਰਾਕ, ਜਰਦਾ, ਤਮਾਕੂ, ਸ਼ਰਾਬ ਆਦਿ ਮਿੱਠੇ ਲਗਦੇ ਹਨ। ਸਾਕਤ ਸਦਾ ਨਾਸਵੰਤ ਪਦਾਰਥਾਂ ਵਿੱਚ, ਠੱਗੀ ਕਰਨ ਅਤੇ ਅਹੰਕਾਰ ਕਰਨ ਵਿੱਚ ਖੁਸ਼ ਰਹਿੰਦੇ ਹਨ, ਪ੍ਰਭੂ ਦਾ ਨਾਮ ਸੁਣਦਿਆਂ ਤਾਂ ਮਾਨੋ ਜਿਵੇਂ ਠੂੰਹਾਂ ਡੰਗ ਮਾਰ ਜਾਂਦਾ ਹੈ।

**ਅੰਮ੍ਰਿਤੁ ਕਉਰਾ, ਬਿਖਿਆ ਮੀਠੀ।।**
**ਸਾਕਤ ਕੀ ਬਿਧਿ ਨੈਨਹੁ ਡੀਠੀ।।**
**ਕੂੜਿ ਕਪਟਿ ਅਹੰਕਾਰਿ ਰੀਝਾਨਾ।।**
**ਨਾਮੁ ਸੁਨਤ ਜਨੁ ਬਿਛੂਅ ਡਸਾਨਾ।।੨।।**

(ਪੰਨਾ ੮੯੨)

ਰੱਬ ਤੋਂ ਟੁੱਟੇ ਹੋਏ ਸਾਕਤ ਲੋਕਾਂ ਨੂੰ ਇਸ ਦੁਨੀਆਂ ਦੇ ਰੰਗ ਤਮਾਸ਼ੇ, ਰਸ ਕਸ ਮਿੱਠੇ ਲਗਦੇ ਹਨ। "ਇਹ ਜਗ ਮਿੱਠਾ ਅਗਲਾ ਕਿਨ੍ਹੇ ਡਿੱਠਾ" ਵਾਲੀ ਕਹਾਵਤ ਮੁੱਖ ਰੱਖਦੇ ਹੋਏ ਮੌਤ ਨੂੰ ਭੁਲਾਈ ਬੈਠੇ ਹਨ।

**"ਖਾਣਾ ਪੀਣਾ ਹਸਣਾ ਸਉਣਾ**
**ਵਿਸਰਿ ਗਇਆ ਹੈ ਮਰਣਾ।।**
**ਖਸਮੁ ਵਿਸਾਰਿ ਖੁਆਰੀ ਕੀਨੀ**
**ਧ੍ਰਿਗੁ ਜੀਵਣੁ ਨਹੀ ਰਹਣਾ।।੧।।**

(ਪੰਨਾ ੧੨੫੪)

ਭਾਵ ਨਿਰਾ ਖਾਣ ਪੀਣ, ਹੱਸਣ ਤੇ ਸੌਣ ਦੇ ਆਹਾਰਾਂ ਵਿੱਚ ਰਿਹਾਂ ਮਨੁੱਖ ਨੂੰ ਮੌਤ ਭੁੱਲ ਜਾਂਦੀ ਹੈ। ਮੌਤ ਦੇ ਭੁੱਲਿਆਂ ਪ੍ਰਭੂ-ਪਤੀ ਨੂੰ ਵਿਸਾਰ ਕੇ ਮਨੁੱਖ ਐਸੇ ਐਸੇ ਕੰਮ ਕਰਦਾ ਰਹਿੰਦਾ ਹੈ ਜੋ ਇਸ ਦੀ ਖੁਆਰੀ ਦਾ ਕਾਰਨ ਬਣਦੇ ਹਨ ਅਤੇ ਜੀਵਨ ਫਿਟਕਾਰ-ਯੋਗ ਹੋ ਜਾਂਦਾ ਹੈ। ਏਥੇ ਤਾਂ ਸਦਾ ਕਿਸੇ ਨੇ ਵੀ ਟਿਕੇ ਨਹੀਂ ਰਹਿਣਾ।

**ਜਾ ਰਹਣਾ ਨਾਹੀ ਐਤੁ ਜਗਿ,**
**ਤਾ ਕਾਇਤੁ ਗਾਰਬਿ ਹੰਢੀਐ।** (ਪੰਨਾ ੪੭੩)



www.AKJ.Org

ਹੰਕਾਰ ਫਿਰ ਕਿਸ ਗਲ ਦਾ ? ਮਹਿਲ ਮਾੜੀਆਂ, ਧਨ ਦੌਲਤ, ਚੀਜ਼ਾਂ ਵਸਤਾਂ ਦਾ ? ਸੋਹਣੀ ਜਵਾਨੀ, ਜ਼ਨਾਨੀ, ਪੁਤਰਾਂ ਧੀਆਂ, ਅੰਗ ਸਾਕਾਂ ਦਾ ਜਿਨ੍ਹਾਂ ਵਿਚੋਂ ਅੰਤ ਵੇਲੇ ਕਿਸੇ ਨੇ ਵੀ ਸਾਥ ਨਹੀਂ ਦੇਣਾ, ਕੀ ਉਨ੍ਹਾਂ ਦਾ ਮਾਣ ? "ਆਸਾ ਕੀ ਵਾਰ" ਵਿੱਚ ਗੁਰੂ ਨਾਨਕ ਦੇਵ ਜੀ ਮਾਇਆ ਦੇ ਪਸਾਰੇ ਦਾ ਨਕਸ਼ਾ ਇਉਂ ਖਿਚਦੇ ਹਨ–

**ਤੁਰੇ ਪਲਾਣੇ ਪਉਣ ਵੇਗ.**
**ਹਰ ਰੰਗੀ ਹਰਮ ਸਵਾਰਿਆ।**
**ਕੋਠੇ ਮੰਡਪ ਮਾੜੀਆ.**
**ਲਾਇ ਬੈਠੇ ਕਰਿ ਪਾਸਾਰਿਆ।**
**ਚੀਜ ਕਰਨਿ ਮਨਿ ਭਾਵਦੇ.**
**ਹਰਿ ਬੁਝਨਿ ਨਾਹੀ ਹਾਰਿਆ।**
**ਕਰਿ ਫੁਰਮਾਇਸਿ ਖਾਇਆ.**
**ਵੇਖਿ ਮਹਲਤਿ ਮਰਣੁ ਵਿਸਾਰਿਆ।**
**ਜਰੁ ਆਈ ਜੋਬਨਿ ਹਾਰਿਆ।੧੭।।**

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਿਨ੍ਹਾਂ ਕੋਲ ਹਵਾ ਵਰਗੀ ਚਾਲ ਵਾਲੇ ਕਾਠੀਆਂ ਸਮੇਤ ਸਜੇ ਹੋਏ ਘੋੜੇ ਹਨ ਤੇ ਜਿਨ੍ਹਾਂ ਆਪਣੇ ਰਣਵਾਸ (ਜ਼ਨਾਨੇ ਮਹੱਲਾਂ) ਨੂੰ ਭਾਂਤ ਭਾਂਤ ਦੀਆਂ ਸੁੰਦਰ ਇਸਤਰੀਆਂ ਨਾਲ ਸਜਾਇਆ ਹੋਇਆ ਹੈ ਅਤੇ ਜੋ ਅਨੇਕਾਂ ਕੋਠੇ , ਮਹਿਲ ਮਾੜੀਆਂ ਬਣਾ ਕੇ ਬੜੇ ਪਸਾਰੇ ਪਸਾਰ ਕੇ ਬੈਠੇ ਹੋਏ ਹਨ ਤੇ ਮਨ ਭਾਉਂਦੇ ਚੋਜ ਕਰਕੇ ਐਸ਼ ਇਸ਼ਰਤਾਂ ਵਿੱਚ ਗਲਤਾਨ ਹੋ ਕੇ ਪ੍ਰਭੂ ਨੂੰ ਨਹੀਂ ਪਛਾਣ ਰਹੇ, ਉਹ ਮਨੁੱਖਾ ਜਨਮ ਵਿਅਰਥ ਗੁਆ ਰਹੇ ਹਨ। ਸੰਸਾਰ ਵਿੱਚ ਅਜੇਹੇ ਲੋਕਾਂ ਨੇ ਬੜਾ ਰੋਹਬ ਬਣਾ ਰੱਖਿਆ ਹੈ, ਅਮੀਰੀ ਠਾਠ ਕਾਰਨ ਉਹ ਫੁਰਮਾਇਸ਼ਾਂ ਕਰ ਕਰ ਕੇ ਭਾਂਤ ਸਭਾਂਤੇ ਪਦਾਰਥ ਛਕਦੇ ਹਨ ਅਤੇ ਆਪਣੇ ਉਚੇ ਤੇ ਵੱਡੇ ਮਹੱਲਾਂ ਨੂੰ ਦੇਖ ਕੇ ਮੌਤ ਨੂੰ ਭੁੱਲੇ ਬੈਠੇ ਹਨ। ਉਨ੍ਹਾਂ ਜਵਾਨੀ ਵਿੱਚ ਮਸਤ ਹੋਏ ਅੰਨ੍ਹਿਆਂ ਨੂੰ ਅਚਾਨਕ ਬੁਢੇਪਾ ਆ ਦਬਾਉਂਦਾ ਹੈ ਤੇ ਜਵਾਨੀ ਨੂੰ ਅੰਤ ਹਾਰ ਮੰਨਣੀ ਹੀ ਪੈਂਦੀ ਹੈ, ਤਦ ਵਿਸ਼ੇ ਵਿਕਾਰਾਂ ਵਾਲੀਆਂ ਸੱਭ ਮੌਜਾਂ ਖਤਮ ਹੋ ਜਾਂਦੀਆਂ ਹਨ।

ਗੁਰੂ ਸਾਹਿਬ ਕਹਿੰਦੇ ਹਨ ਕਿ ਨਾਸਵੰਤ ਸੰਸਾਰ ਦੀ ਐਸੀ ਹੀ ਖੇਡ ਹੈ। ਮਾਇਆ ਦੇ ਮੋਹ ਵਿੱਚ ਮਨੁੱਖ ਦਾਤਾਰ ਨੂੰ ਭੁੱਲੀ ਬੈਠਾ ਹੈ, ਪ੍ਰਭੂ ਦਾ ਸਿਮਰਨ ਨਹੀਂ ਕਰਦਾ, ਅੱਖੀਂ ਦੇਖ ਕੇ ਭੀ ਸਚ–ਧਰਮ ਚੰਗਾ ਨਹੀਂ ਲੱਗਦਾ, ਝੂਠ ਤੇ ਠੱਗੀ ਨੂੰ ਮਿੱਠਾ ਜਾਣ ਕੇ ਇਨ੍ਹਾਂ ਨਾਲ ਮਸਤ ਰਹਿੰਦਾ ਹੈ।

**ਸਾਚੁ ਧਰਮੁ ਨਹੀ ਭਾਵੈ ਡੀਠਾ।।**
**ਝੂਠ ਧੋਹ ਸਿਉ ਰਚਿਓ ਮੀਠਾ।।**
**ਦਾਤਿ ਪਿਆਰੀ ਵਿਸਰਿਆ ਦਾਤਾਰਾ।।**
**ਜਾਣੈ ਨਾਹੀ ਮਰਣੁ ਵਿਚਾਰਾ।।** (ਪੰਨਾ ੬੭੬)

ਮੂਰਖ ਮਨੁੱਖ ਨੂੰ ਉਹ ਵੇਲਾ ਚੇਤਾ ਨਹੀਂ ਆਉਂਦਾ ਜਦੋਂ ਰੰਗ ਰਲੀਆਂ ਮਾਣਦੇ ਨੂੰ ਮੌਤ ਨੇ ਆ ਦਬੋਚਣਾ ਹੈ। ਜਮਾਂ ਦੀ ਫਾਹੀ ਵਿਚੋਂ ਉਸੇ ਨੂੰ ਹੀ ਛੁਟਕਾਰਾ ਮਿਲਣਾ ਹੈ ਜਿਸ ਦੇ ਹਿਰਦੇ ਵਿੱਚ ਪ੍ਰਭੂ ਮਿਹਰ ਕਰਕੇ ਆਣ ਵਸਦਾ ਹੈ।

**"ਸਾ ਵੇਲਾ ਚਿਤਿ ਨ ਆਵੈ.**
**ਜਿਤੁ ਆਇ ਕੰਟਕੁ ਕਾਲੁ ਗ੍ਰਸੈ।।**
**ਤਿਸੁ ਨਾਨਕ ਲਏ ਛਡਾਇ.**
**ਜਿਸੁ ਕਿਰਪਾ ਕਰਿ ਹਿਰਦੈ ਵਸੈ।।"**

ਪ੍ਰਭੂ ਦੀ ਕਿਰਪਾ ਕਿਵੇਂ ਹੋਵੇਗੀ ?....ਉਸ ਦੇ ਹੁਕਮੀ ਬੰਦੇ ਬਣਨ ਨਾਲ, ਹੁਕਮਾਂ ਅੰਦਰ ਕਾਰ ਕਰਨ ਨਾਲ,"ਤੇਰਾ ਕੀਆ ਮੀਠਾ ਲਾਗੈ" ਵਾਲੀ ਬਿਰਤੀ ਬਨਾਉਣ ਨਾਲ। ਹੁਕਮੀ ਬੰਦਾ ਬਣਨ ਨਾਲ ਹੀ ਕੂੜ ਦੀਆਂ ਕੰਧਾਂ ਢੇ ਢੇਰੀ ਹੋਣਗੀਆਂ , ਸਤਿ–ਧਰਮ ਦੀ ਠੰਡੀ ਹਵਾ ਰੁਮਕੇਗੀ, ਤਪਦੇ ਹਿਰਦੇ ਸ਼ਾਂਤ ਹੋਣਗੇ, ਸਚਿਆਰ ਸਿੱਖ ਬਣਨ ਲਈ ਉਤਸ਼ਾਹ ਪੈਦਾ ਹੋਵੇਗਾ ਅਤੇ ਅਨੰਦ–ਪੁਰੀ ਵਲ ਨੂੰ ਕਦਮ ਉਠਣਗੇ।

ਜਦੋਂ ਮਨੁੱਖ ਮਾਇਆ ਦੇ ਝੂਠੇ ਰਸਾਂ ਕਸਾਂ ਵਲੋਂ ਮੁੱਖ ਮੋੜ ਕੇ ਗੁਰੂ ਵਲ ਮੁਖ ਕਰੇਗਾ, ਗੁਰੂ ਦਾ ਉਪਦੇਸ਼ ਮਨ ਵਸਾ ਕੇ ਉਸ ਤੇ ਅਮਲ ਕਰੇਗਾ, ਹਰ ਵੇਲੇ "ਗੁਰੂ ਗੁਰੂ " ਜਪੇਗਾ ਤਾਂ ਬਖਸ਼ਿਸ਼ ਦਾ ਦਰ ਖੁਲ੍ਹੇਗਾ –

**"ਤਿਸੁ ਨਾਨਕ ਲਏ ਛਡਾਇ.**
**ਜਿਸੁ ਕਿਰਪਾ ਕਰਿ ਹਿਰਦੈ ਵਸੈ।"**

ਤਾਂ ਤੇ ਪਿਆਰਿਓ ! ਆਓ, ਅਸੀਂ ਆਪਣੇ ਮਨ ਨੂੰ ਸਮਝਾਈਏ – **"ਮੇਰੇ ਮਨ ਧਿਆਇ ਰਾਮਾ"** ਕਿਉਂਕਿ–

**ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ।**
**ਨਾਨਕ ਮਨੁ ਤਨੁ ਸੁਖੀ ਹੋਇ. ਅੰਤੇ ਮਿਲੈ ਗੋਪਾਲੁ।**

(ਆਸਾ ਮ: ੫, ਪੰਨਾ ੪੫੭)

*********

**ਚਲਤ ਬੈਸਤ. ਸੋਵਤ ਜਾਗਤ. ਗੁਰਮੰਤ੍ਰੁ ਰਿਦੈ ਚਿਤਾਰਿ।। ਚਰਣ ਸਰਣ ਭਜੁ ਸੰਗਿ ਸਾਧੂ. ਭਵ ਸਾਗਰ ਉਤਰਹਿ ਪਾਰਿ।।** (ਪੰਨਾ ੧੦੦੬)



www.AKJ.Org

# ਜਾਂਗਪੁਰ ਵਾਲੇ ਭਾਈ ਸੋਹਨ ਸਿੰਘ ਜੀ

(ਭਾਈ ਸਾਹਿਬ ਰਣਧੀਰ ਸਿੰਘ ਜੀ)

ਸਮੇਂ ਆਏ ਤੇ ਖਿਸਕ ਗਏ ਅਤੇ ਬੜੀ ਸਰਕਵੀਂ ਵੇਗ ਨਾਲ ਖਿਸਕੇ। ਜੇਲ੍ਹਾਂ ਵਿਚਕਾਰਲੇ ਸਾਡੇ ੧੬ ਸਾਲ ਇਉਂ ਬਤੀਤੇ, ਜਿਵੇਂ ੧੬ ਰਾਤਾਂ ਬੀਤੀਆਂ ਹੁੰਦੀਆਂ ਹਨ। ਸਾਨੂੰ ਤਾਂ ਜੇਲ੍ਹਾਂ ਅੰਦਰ ਐਸਾ ਹੀ ਪ੍ਰਤੀਤ ਹੋਇਆ। ਪਰ ਬਾਹਰਲੇ ਸਾਡੇ ਬ੍ਰਿਹਾ ਫਿਰਾਕ ਵਿਚ ਮਰ ਹਹੋ ਬ੍ਰਿਹੀ ਜਨਾਂ ਨੂੰ ਇਕ ਇਕ ਸਾਲ ਇਕ ਇਕ ਜੁਗ ਹੀ ਬਤੀਤ ਹੋਇਆ। ੧੯੩੦ ਵਿਚ ਜਦੋਂ ਜੇਲ੍ਹੋਂ ਰਿਹਾ ਹੋ ਕੇ ਬਾਹਰ ਆਏ ਤਾਂ ਬ੍ਰਿਹੀ ਜਨਾਂ ਦੇ ਸਮੂਹ ਆਏ, ਧਾਇ ਧਾਇ ਕੇ ਆਇ ਮਿਲੇ। ਸਾਡੇ ਨਿਕਟਵਰਤੀ ਸੰਬੰਧੀਆਂ ਦੇ ਚਾਉ-ਮਲ੍ਹਾਰਾਂ ਦੇ ਅੰਤ ਸ਼ੁਮਾਰ ਹੀ ਕਿਛ ਨਹੀਂ। ਸਾਡੇ ਆਉਂਦਿਆਂ ਨੂੰ, ਨਾਰੰਗਵਾਲ ਦਾਖਲ ਹੁੰਦਿਆਂ ਨੂੰ, ਨਾਰੰਗਵਾਲ ਦੀਆਂ ਸੰਗਤਾਂ ਨੇ ਉਹ ਸਵਾਗਤ ਕੀਤਾ, ਕਿ ਉਨ੍ਹਾਂ ਦੇ ਸੁਆਗਤੀ ਸ਼ਬਦਾਂ ਦੀਆਂ ਧੁਨੀਆਂ ਨਾਲ ਗਗਨ ਗੂੰਜ ਉਠੇ। ਬ੍ਰਿਹਨੀ ਸ੍ਰੀ ਮਤੀ ਕਰਤਾਰ ਕੌਰ ਨੇ "**ਘਰਿ ਆਪਨੜੇ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ**" ਵਾਲੀ ਧੁਨੀ ਉਚਾਰਨ ਕੀਤੀ। ਉਸ ਦੀਆਂ ਖ਼ੁਸ਼ੀਆਂ ਦੀ ਹੱਦ ਕੋਈ ਨਹੀਂ ਸੀ ਪਰ ਉਸ ਤੋਂ ਵਧੇਰੀ ਖ਼ੁਸ਼-ਇਲਹਾਨੀ ਵਿਆਕੁਲਤਾ ਦਾ ਨਜ਼ਾਰਾ ਉਦੋਂ ਬੱਝਿਆ, ਜਦੋਂ ਜਾਂਗਪੁਰ ਦੀ ਸੰਗਤ ਬ੍ਰਿਹਾ-ਮਿਲਾਪ ਦੇ ਕੀਰਤਨ ਕਰਦੀ ਆਈ। ਵੀਰ ਭਾਈ ਸੋਹਨ ਸਿੰਘ ਜੀ ਨੇ ਐਨ ਮੌਕੇ ਦਾ ਇਹ ਸ਼ਬਦ ਉਚਾਰਨ ਕਰ ਕੇ, "**ਤੁਮ ਘਰਿ ਆਵਹੁ ਮੇਰੇ ਮੀਤ।। ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ।।**" ਸਾਰੀ ਸੰਗਤ ਨੂੰ, ਖਾਸ ਕਰ ਮੈਨੂੰ ਤੇ ਮੇਰੀ ਬ੍ਰਿਹਨੀ ਪਤਨੀ ਸਿਰੀ ਕਰਤਾਰ ਕੌਰ ਨੂੰ ਵਿਲੂੰਦਰ ਛੱਡਿਆ। ਆਹਾ! ਸਿਰੀ ਭਾਈ ਸੋਹਨ ਸਿੰਘ ਜੀ ਦੇ ਵਗ ਰਹੇ ਨੈਣਾਂ ਵੱਲ ਤੇ ਜਿਲਾਹ ਹੋਏ ਚਿਹਰੇ ਵੱਲ ਤੱਕਿਆ ਨਾ ਜਾਵੇ। ਜਿਉਂ ਜਿਉਂ ਮਸਤੂਲ-ਮਸਤ ਹੋਏ-ਵੇ ਭਾਈ ਸੋਹਨ ਸਿੰਘ ਜੀ ਇਸ ਸ਼ਬਦ ਦੀ ਇਕ ਇਕ ਤੁਕ ਨੂੰ ਮੁਰੱਲੀ ਬਣਾ ਕੇ ਉਚਾਰਨ ਕਰਨ ਅਤੇ ਪਿੱਛੇ ਉਨ੍ਹਾਂ ਦੇ ਸਾਰਾ ਆਇਆ ਜੱਥਾ ਕੀਰਤਨ ਦੀ ਧੁਨੀ ਉਠਾਵੇ, ਤਿਉਂ ਤਿਉਂ ਮੁਕਾਮੀ ਸੰਗਤਾਂ ਜਾਰੋ ਜਾਰ ਰੋ ਕੇ ਵੈਰਾਗ ਦੇ ਨੀਰ ਵਹਾਵਣ। ਸ਼ਬਦ ਦੇ ਆਰੰਭ ਦੀ ਤੁਕ:

"**ਜਿਨਿ ਤੁਮ ਭੇਜੇ ਤਿਨਹਿ ਬੁਲਾਏ**
**ਸੁਖ ਸਹਜ ਸੇਤੀ ਘਰਿ ਆਉ।।**"

ਜਦੋਂ ਕੀਰਤਨ ਵਿਚ ਭਾਈ ਸੋਹਨ ਸਿੰਘ ਜੀ ਨੇ ਅਰੰਭੀ, ਸਾਰੇ ਸਰੋਤੇ ਸੱਜਣ ਖ਼ੁਸ਼ੀਆਂ ਦੀ ਬਹਾਰ ਨਾਲ ਸਰਸ਼ਾਰ ਹੋ ਗਏ।

ਦੂਜੀ ਤੁਕ :

"**ਅਨਦ ਮੰਗਲ ਗੁਨ ਗਾਉ ਸਹਜ ਧੁਨਿ**
**ਨਿਹਚਲ ਰਾਜੁ ਕਮਾਉ।।**"

ਐਸੀ ਢੁਕਵੀਂ ਸੀ ਕਿ ਅੱਜ ਦੀ ਘੜੀ ਤੱਕ ਢੁਕੀ ਹੀ ਚਲੀ ਆਈ ਹੈ। ਆਨੰਦ ਮੰਗਲ ਦੀਆਂ ਸਹਿਜ-ਧੁਨੀਆਂ ਦੇ ਮੰਗਲਾਚਾਰ ਜਿਉਂ ਉਦੋਂ ਦੇ ਹੋਣ ਲੱਗੇ ਹਨ, ਅਜ ਤਾਈਂ ਹੁੰਦੇ ਹੀ ਚਲੇ ਆਏ ਹਨ। ਸਿੱਖ ਸੰਗਤਾਂ ਦੇ ਸਤਸੰਗ ਦਾ ਪ੍ਰਵਾਹ ਨਿਤਾਪ੍ਰਤਿ ਐਸਾ ਚੱਲਿਆ ਕਿ ਪਿਛਲੇ ਵਿਸੂਰੇ ਸਾਰੇ ਭੁੱਲ ਗਏ ਤੇ ਸਚਮੁੱਚ ਨਿਹਚਲ ਰਾਜ ਕਮਾਉਣ ਵਾਲੇ ਸਰੂਰੇ, ਆਤਮ ਠਰੂਰੇ, ਨਾਮ ਅਭਿਆਸ ਕਮਾਈਆਂ ਦੇ ਵਿਗਾਸੇ ਬੜੀਆਂ ਬੜੀਆਂ ਨਿਹਚਲਤਾਈਆਂ ਨਾਲ ਹਾਜ਼ਰ ਹਜ਼ੂਰ ਹੀ ਹੋਇਆ ਆਏ। ਫਰ ਜਦੋਂ ਸਿਰੀ ਭਾਈ ਸੋਹਨ ਸਿੰਘ ਜੀ ਦੀ ਰਸਨਾ ਤੋਂ : "**ਪ੍ਰਗਟ ਕੀਨੇ ਪ੍ਰਭ ਕਰਨੈਹਾਰੇ ਨਾਸਨ ਭਾਜਨ ਥਾਕੇ।।**" ਵਾਲੀ ਮੁਸੱਰਤ ਭਰੀ ਅਸੀਸ ਲੋਰੀ ਗਾਇਨ ਹੋਈ, ਤਦ ਤਾਂ ਮਾਨੋ ਨਿਹਚਲ ਰਾਜ ਦਾ ਪਹੁ-ਫੁਟਾਲਾ ਹੋ ਗਿਆ, ਆਹਾ !

"**ਘਰਿ ਮੰਗਲ ਵਧਾਹਿ ਨਿਤ ਵਾਜੇ**
**ਅਪੁਨੈ ਖਸਮਿ ਨਿਵਾਜੇ।**"

ਵਾਲੀ ਅਗਲੀ ਗੁਰਸ਼ਬਦ-ਪੰਗਤੀ ਨੇ ਸਾਰੀ ਸੰਗਤ ਦੇ ਮੁਖਾਰਬਿੰਦਾਂ ਵਿਚੋਂ ਮੁੜ ਮੁੜ ਕੇ ਇਹੀ ਧੁਨੀ ਉਚਾਰਨ ਕਰਾਈ। ਖ਼ੁਸ਼-ਮਸਤੀਆਂ ਦੀ ਖ਼ੁਮਾਰੀ ਵਿੱਚ ਇਸ ਖ਼ੁਸ਼-ਇਲਹਾਨੀ-ਪੰਗਤੀ ਦੇ ਉਚਾਰਨ ਕਰਨ ਤੋਂ ਹਟਣ ਦੀ ਕਿਸੇ ਨੂੰ ਸੁਧ ਹੀ ਨਾ ਰਹੀ। ਪਤਾ ਨਹੀਂ ਕਿਵੇਂ ਮੋੜ ਪਏ ਹੋਣਗੇ।

"**ਅਸਥਿਰ ਰਹਹੁ ਡੋਲਹੁ ਮਤ ਕਬਹੂ**
**ਗੁਰ ਕੈ ਬਚਨਿ ਅਧਾਰਿ।।**
**ਜੈ ਜੈਕਾਰੁ ਸਗਲ ਭੂ ਮੰਡਲ**
**ਮੁਖ ਊਜਲ ਦਰਬਾਰ।।**"

ਵਾਲੀਂ ਅਗਲੇਰੀ ਦੋ-ਤੁਕੀ ਜਦੋਂ ਸਿਰੀ ਵੀਰ ਸੋਹਨ ਸਿੰਘ ਜੀ ਦੇ ਸੋਹਣੇ ਮੁਖਕਮਲ ਵਿਚੋਂ ਇਸ ਦਾਸਰੇ ਦੇ ਸਨਮੁਖ ਹੋ ਕੇ ਸਿੰਨ੍ਹੀ ਗਈ, ਮਾਨੋ ਐਸਾ ਨਜ਼ਾਰਾ ਜ਼ਹੂਰ ਪਜ਼ੀਰ ਹੋਇਆ ਕਿ ਸਾਰੀਆਂ ਗੁਰ-ਸੰਗਤਾਂ ਵਲੋਂ ਅਤਿਅੰਤ ਹਲਾ-ਸ਼ੇਰੀ ਭਰੀ ਥਾਪਨਾ ਇਸ ਦਾਸਰੇ ਨੂੰ ਦਿੱਤੀ ਹੈ। ਛੱਕੜਲੀਆਂ ਇਸ ਗੁਰ-ਸ਼ਬਦ ਦੀਆਂ ਏਹਨਾਂ ਅਗਲੇਰੀਆਂ ਦੋ ਤੁਕਾਂ :

"**ਜਿਨ ਕੇ ਜੀਅ ਤਿਨੈ ਹੀ ਫੇਰੇ**
**ਆਪੇ ਭਇਆ ਸਹਾਈ।।**



www.AKJ.Org

**ਅਚਰਜੁ ਕੀਆ ਕਰਨੈਹਾਰੇ**
**ਨਾਨਕ ਸਚੁ ਵਡਿਆਈ।।"**

ਨੇ ਤਾਂ ਸਚਮੁਚ ਸਤੋਗੁਣੀ ਸ਼ਾਂਤ-ਮੰਡਲ ਨਜ਼ਾਰਾ ਬੰਨ੍ਹ ਦਿਤਾ। ਘੰਟਾ ਡੇਢ ਘੰਟਾ ਭਰ ਇਸੇ ਗੁਰ-ਸ਼ਬਦ ਦਾ ਕੀਰਤਨ ਬੜੀਆਂ ਉਚੇਰੀਆਂ, ਲੰਮੇਰੀਆਂ, ਸਹਿਜ ਸੁਖਨੇਰੀਆਂ ਧੁਨੀਆਂ ਵਿਚ ਉਚਾਰਨ ਹੋਇਆ। ਸਿਰੀ ਭਾਈ ਸੋਹਨ ਸਿੰਘ ਜੀ ਦੀ ਇਸ ਸ਼ਬਦ ਕੀਰਤਨ ਦੀ ਈਜਾਦੀ ਧੁਨੀ ਵਾਲੀ ਇਹ ਯਾਦਗਾਰ ਇਸ ਦਾਸ ਦੇ ਰੋਮ ਰੋਮ ਵਿਚ ਉਕਰੀ ਗਈ, ਕਦੇ ਭੁਲੀ ਨਹੀਂ, ਹੁਣ ਤੱਕ ਯਾਦ ਹੈ। ਸਿਰੀ ਭਾਈ ਸੋਹਨ ਸਿੰਘ ਜੀ ਚਲ ਬਸੇ ਪਰੰਤੂ ਇਹ ਯਾਦ-ਸੁਗਾਤ ਹਿਰਦੇ ਅੰਦਰ ਵਸੀ ਹੋਈ ਹੈ। ਆਹ ! ਭਾਈ ਸੋਹਨ ਸਿੰਘ ਜੀ ਬਹੁਤ ਥੋੜ੍ਹੀ ਉਮਰ ਲਿਖਾ ਕੇ ਆਏ ਸਨ। ਪਰ ਜਿਤਨੀ ਉਮਰ ਵੀ ਉਨ੍ਹਾਂ ਨੇ ਬਿਤਾਈ ਅਤੇ ਜਦੋਂ ਦੀ ਉਨ੍ਹਾਂ ਨੂੰ ਸੋਝੀ ਆਈ, ਸਤਸੰਗ ਰੰਗਾਂ ਵਿਚ ਹੀ ਬਤੀਤ ਹੋਈ।

ਜਾਂਗਪੁਰ ਦੀ ਸੰਗਤ ਨੇ ਭਾਈ ਸੋਹਨ ਸਿੰਘ ਜੀ ਸਮੇਤ ਅਨੇਕਾਂ ਸਤਸੰਗ ਰੰਗੀ-ਫੇਰੀਆਂ ਪਾਈਆਂ, ਹਰੇਕ ਫੇਰੀ ਦੇ ਨਵੇਂ ਤੋਂ ਨਵੇਂ ਆਤਮ-ਰੰਗ ਖਿੜੇ। ਐਸੇ ਖੇੜ ਖਿੜੇ ਕਿ ਆਤਮ-ਖੇੜਿਆਂ ਦੀ ਗੁਲਜ਼ਾਰ ਹੀ ਲੱਗ ਗਈ। "ਨਕਿ ਨਥ ਖਸਮ ਹਥ ਕਿਰਤੁ ਧਕੇ ਦੇ"- ਗੁਰਵਾਕ ਦੇ ਭਾਵ ਅਨੁਸਾਰ ਉਨ੍ਹਾਂ ਨੂੰ (ਸਿਰੀ ਭਾਈ ਸੋਹਨ ਸਿੰਘ ਜੀ ਨੂੰ) ਫ਼ੌਜ ਦੇ ਗਰੰਥੀ ਦੀ ਪੋਸਟ ਐਸੀ ਖਿਚ ਕੇ ਲੈ ਗਈ, ਕਿ ਫੌਜ ਤੋਂ ਮੁੜ ਵਾਪਸ ਹੀ ਨਾ ਆਏ। ਉਨ੍ਹਾਂ ਦੀ ਬ੍ਰਿਹੋ-ਬਾਵਰੀ ਪਤਨੀ ਸਿਰੀ ਮਤੀ ਬੀਬੀ ਗਿਆਨ ਕੌਰ ਹਰ ਦਮ ਉਨ੍ਹਾਂ ਦੇ ਅੰਗ ਸੰਗ ਰਹੀ, ਬੜੀ ਸੇਵਾ ਘਾਲ ਕਮਾਈ ਤੋੜ ਨਿਬਾਹੀ। ਫ਼ੌਜ ਵਿਚ ਜਾਣ ਤੋਂ ਪਹਿਲਾਂ ਸਿਰੀ ਭਾਈ ਸੋਹਨ ਸਿੰਘ ਜੀ ਦੇ ਪਿੰਡ ਜਾਂਗਪੁਰ ਵਿਖੇ ਹੁੰਦਿਆਂ ਹੀ ਅਸੀਂ ਦੋ ਵਾਰ ਜੱਥੇ ਦੇ ਸਮੂਹ ਪ੍ਰੇਮੀਆਂ ਸਮੇਤ ਉਨ੍ਹਾਂ ਦੇ ਬੁਲਾਏ ਹੋਏ ਉਨ੍ਹਾਂ ਦੀ ਨਗਰੀ ਵਿਖੇ ਵੀ ਪੁੱਜੇ। ਜਾਂਗਪੁਰ ਨਿਵਾਸੀ ਸਾਰੀ ਸੰਗਤ ਵੀਰ ਸੋਹਨ ਸਿੰਘ ਜੀ ਦੀ ਪਰਮ ਅਨੁਸਾਰੀ ਤੇ ਹਿਤਕਾਰੀ ਸੀ। ਖ਼ੂਬ ਹਿਤਕਾਰ ਸਤਿਕਾਰ ਭਰੀ ਅਨੁਸਾਰਤਾ ਸਹਿਤ ਨਗਰ ਨਿਵਾਸੀ ਸੱਜਣ ਪਿਆਰ ਦਿਖਾਰਦੇ ਰਹੇ। ਕਿਸ ਦਾ ਨਾਮ ਲਈਏ, ਇਕ ਦੂ ਇਕ ਚੜ੍ਹੰਦੇ, ਕੀਰਤਨ ਰਸਨ ਰਸੰਦੇ, ਇਹ ਜਾਂਗਪੁਰੀ ਵੀਰ ਸਨ, ਅਤੇ ਹੁਣ ਤਾਈਂ ਹਨ। ਵੀਰ ਸੋਹਨ ਸਿੰਘ ਜੀ ਦੀ ਵਿਯੋਗਣ ਵਿਧਵਾ ਪਤਨੀ ਦੀ ਜਥਾ ਯੋਗ ਸਰਦੀ ਪੁਜਦੀ ਹਰ ਪ੍ਰਕਾਰੀ ਹਮਦਰਦੀ ਤੇ ਸਹਾਇਤਾ ਕਰਦੇ ਰਹਿੰਦੇ ਹਨ। ਇਹ ਸਭ ਕੁਝ ਸਿਰੀ ਭਾਈ ਸੋਹਨ ਸਿੰਘ ਜੀ ਗੁਰਪੁਰ ਨਿਵਾਸੀ ਦੀਆਂ ਪ੍ਰੇਮ-ਯਾਦਾਂ ਦਾ ਸਦਕਾ ਹੀ ਹੈ। ਜਿਥੋਂ ਤਾਈਂ ਅਸਾਡਾ ਵਾਹ ਪਿਆ ਹੈ ਸਿਰੀ ਭਾਈ ਸੋਹਨ ਸਿੰਘ ਜੀ ਨਾਲ ਤਾਂ ਉਹ ਗੁਰਮਤਿ ਦੀ ਪ੍ਰੇਮ-ਕੁਠਾਲੀ ਵਿੱਚ ਢਲੇ ਹੋਏ ਬੜੇ ਹੀ ਸੁੱਚੇ ਨਿਸਰੁਚੇ ਭਾਂਡੇ ਸਾਬਤ ਹੋਏ ਹਨ।

ਆਪ ਛੋਟੀ ਉਮਰ ਵਿੱਚ ਹੀ ਅਕਾਲ ਚਲਾਣਾ ਕਰ ਗਏ। ਆਨਨ ਫ਼ਾਨਨ ਹੀ ਇਨ੍ਹਾਂ ਦੇ ਅਕਾਲ ਚਲਾਣੇ ਦੀ ਖ਼ਬਰ ਮਿਲੀ, ਮਿਲਣ ਸਾਰ ਇਨ੍ਹਾਂ ਦੇ ਪ੍ਰਥਾਇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸਮਾਗਮ ਕੀਤੇ। ਫੇਰ ਜੱਥੇ ਦੇ ਚੋਣਵੇਂ ਵੀਰਾਂ ਨੇ ਪਿੰਡ ਜਾਂਗਪੁਰ ਜਾ ਕੇ ਪਿਆਰੇ ਗੁਰਪੁਰ ਨਿਵਾਸੀ ਵੀਰ ਸੋਹਨ ਸਿੰਘ ਦੇ ਨਮਿਤ ਅਖੰਡ ਪਾਠ ਕੀਤੇ ਅਤੇ ਉਨ੍ਹਾਂ ਦੀ ਬਿਰਹੀ ਵਿਜੋਗਣ ਸੁਪਤਨੀ ਸਿਰੀ ਬੀਬੀ ਗਿਆਨ ਕੌਰ ਦੀ ਯਥਾ ਯੋਗ ਹਮਦਰਦੀ ਕੀਤੀ।

■ ■ ■ ■

## ਸਿੱਖ ਦੀਵਾਨਾਂ ਵਿੱਚ ਆਨਮਤੀ ਸਿਆਸੀ ਲੀਡਰ

ਇਹ ਆਨਮਤੀ ਸੱਜਣ ਕਈ ਵਾਰੀ ਤਾਂ ਬੜੇ ਨਾਲਾਇਕ ਜਿਹੇ ਹੁੰਦੇ ਹਨ ਤੇ ਸਿੱਖ ਧਰਮ ਸੰਬੰਧੀ ਇਨ੍ਹਾਂ ਨੂੰ ਕੁੱਝ ਵੀ ਪਤਾ ਨਹੀਂ ਹੁੰਦਾ। ਘਰੋਂ ਕਾਰ ਵਿੱਚ ਗੁਰਦੁਆਰੇ ਤੱਕ ਆਉਂਦਿਆਂ ਰਾਹ ਵਿੱਚ ਨਾਲ ਆ ਰਹੇ ਝੋਲੀ ਚੁੱਕ "ਸਰਦਾਰ ਜੀ" ਪਾਸੋਂ ਉਸ ਗੁਰਪੁਰਬ ਬਾਰੇ ਥੋੜ੍ਹਾ ਬਹੁਤ ਜਾਣ ਲੈਣਗੇ ਤੇ ਸਟੇਜ ਤੇ ਆ ਕੇ ਕਈ ਕੁਫਰ ਤੋਲ ਜਾਣਗੇ। ਕਈ ਵਾਰ ਵਿੰਗੇ ਟੇਢੇ ਢੰਗ ਨਾਲ ਸਿੱਖ ਧਰਮ ਦਾ ਸਿੱਖ ਦੀਵਾਨਾਂ ਵਿੱਚ ਹੀ ਵਿਰੋਧ ਕਰ ਜਾਣਗੇ, ਕਈ ਵਾਰੀ ਕੋਈ ਘਟੀਆ ਮਜ਼ਾਕ ਕਰ ਕੇ ਸਿੱਖੀ ਦੀ ਨਿਖੇਧੀ ਕਰ ਜਾਣਗੇ ਤੇ ਕਈ ਵਾਰੀ ਸਿੱਖੀ ਬਾਰੇ ਗਲਤ ਬਿਆਨੀ (Mis-interpretation) ਕਰ ਕੇ ਆਪਣੇ ਰਾਹ ਪੈ ਜਾਣਗੇ। ਅਜੇਹੇ ਨਾਮ-ਧਰੀਕ ਪੁਲੀਟੀਕਲ ਆਗੂ ਕਈ ਵਾਰ ਦੀਵਾਨ ਵਿੱਚ ਸਤਿਗੁਰੂ ਅਰਜਨ ਦੇਵ ਜੀ ਦਾ ਨਾਮ, ਬਾਰ ਬਾਰ ਗੁਰੂ ਅਰਜਨ ਸਿੰਘ ਕਰਕੇ ਬੋਲਦਿਆਂ ਸੁਣੇ ਗਏ ਹਨ। ਇਕ ਵਾਰੀ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ ਉੱਤੇ ਇਕ ਬੁਲਾਰਾ **ਜਨਮ-ਦਿਨ ਦੀ ਲੱਖ ਲੱਖ ਵਧਾਈ ਪੇਸ਼ ਕਰ ਰਿਹਾ ਸੀ।*** ਪਰ ਇਸ ਪੁਰ ਵੀ ਦੀਵਾਨ ਵਿੱਚ ਪ੍ਰਬੰਧਕਾਂ ਦੀ ਮੂਰਖਤਾ ਕਾਰਨ **"ਬੋਲੇ ਸੋ ਨਿਹਾਲ"** ਦੇ ਨਾਅਰੇ ਲਗਦੇ ਸੁਣੇ ਗਏ।

("ਪੰਥ ਦਰਦੀਓ ਕੁਝ ਕਰੋ" ਵਿੱਚੋਂ)

*ਸ਼ਹੀਦੀ ਗੁਰਪੁਰਬਾਂ ਸਮੇਂ ਛਬੀਲਾਂ ਅਤੇ ਨਗਰ-ਕੀਰਤਨ ਦੇ ਰਾਹ ਵਿੱਚ **"ਗੁਰਪੁਰਬ ਦੀ ਲੱਖ ਲੱਖ ਵਧਾਈ"** ਵਾਲੇ ਬੈਨਰਾਂ ਦੇ ਕਿਧਰੇ ਕਿਧਰੇ ਦਰਸ਼ਨ ਹੋ ਹੀ ਜਾਂਦੇ ਹਨ ਜਿਸ ਤੋਂ ਸਾਡੀ ਸੂਝ ਬੂਝ ਦਾ ਝਲਕਾਰਾ ਪੈ ਜਾਂਦਾ ਹੈ।



www.AKJ.Org

# ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਯੋਗਦਾਨ

(ਪ੍ਰੋਫੈਸਰ ਜੋਗਿੰਦਰ ਸਿੰਘ)
(ਮੈਂਬਰ-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)

ਦਸ ਗੁਰੂ-ਪਾਤਿਸ਼ਾਹਾਂ ਵਿਚੋਂ 'ਗੁਰੂ ਹਰਿਕ੍ਰਿਸ਼ਨ ਸਾਹਿਬ' ਸੰਸਾਰਕ ਦ੍ਰਿਸ਼ਟੀ ਤੋਂ ਸਭ ਤੋਂ ਘੱਟ ਉਮਰ ਦੇ ਵੀ ਹਨ ਅਤੇ ਗੁਰੂ-ਸਿੰਘਾਸਣ ਉਤੇ, ਇਕ ਗੁਰੂ ਦੇ ਰੂਪ ਵਿਚ ਬਿਰਾਜਮਾਨ ਵੀ ਸਭ ਤੋਂ ਘੱਟ ਸਮਾਂ ਰਹੇ ਹਨ। ੭ ਜੁਲਾਈ, ੧੬੫੬ ਈ: ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਗੁਰੂ ਹਰਿ ਰਾਇ ਸਾਹਿਬ ਦੇ ਗ੍ਰਿਹਿ, ਕੀਰਤਪੁਰ ਸਾਹਿਬ ਦੀ ਧਰਤੀ ਉਤੇ ਹੋਇਆ ਸੀ। ੭ ਅਕਤੂਬਰ ੧੬੬੧ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਵੱਡੇ ਸਪੁੱਤਰ 'ਰਾਮ ਰਾਇ' ਦੇ ਮੁਕਾਬਲੇ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ-ਸਿੰਘਾਸਣ ਉਤੇ ਬਿਠਾ, ਪਹਿਲਾਂ ਆਪਣਾ ਗੁਰੂ ਪਿਤਾ ਪਿਆਰ ਤੇ ਆਪਣੀਆਂ ਅਸੀਸਾਂ ਪ੍ਰਦਾਨ ਕੀਤੀਆਂ, ਫਿਰ ਗੁਰੂ-ਪ੍ਰੰਪਰਾ ਦੇ ਵਿਰਸੇ ਦੀ ਸੰਭਾਲ ਲਈ ਜਾਗਰੂਪ ਕੀਤਾ, ਅਖੀਰ ਸਮਕਾਲੀ ਤੇ ਸਰਕਾਰੀ ਗੁਰੂ-ਦੋਖੀਆਂ ਦੀ ਪਛਾਣ ਕਰਵਾ ਕੇ, ਗੁਰੂ-ਦਰਬਾਰ ਦੀ ਸਾਰੀ ਜ਼ਿੰਮੇਂਵਾਰੀ ਸੌਂਪ, ਸਭ ਪਾਸੇ ਇਹ ਐਲਾਨ ਕਰ ਦਿੱਤਾ, ਕਿ ਗੁਰੂ ਨਾਨਕ ਰਾਜ-ਸਿੰਘਾਸਣ ਦੇ ਵਾਰਿਸ ਤੇ ਮਾਲਕ ਰਾਮ ਰਾਇ ਨਹੀਂ 'ਗੁਰੂ ਹਰਿਕ੍ਰਿਸ਼ਨ ਸਾਹਿਬ' ਹਨ। ਇਹੀ ਗੁਰੂ-ਪ੍ਰੰਪਰਾ ਦੇ ਅੱਠਵੇਂ ਪਾਤਿਸ਼ਾਹ ਹਨ। ਇਤਿਹਾਸ ਸਾਖੀ ਹੈ, ਕਿ ਪੰਜ ਸਾਲ ਦੀ ਇਹ ਬਾਲ ਸ਼ਖਸੀਅਤ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਰੂਪ ਵਿਚ ਜਦੋਂ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋ, ਸਾਰੇ ਭੂ-ਮੰਡਲ ਵਿਚ ਜੱਗ ਮੱਗ ਕਰਨ ਲਗੀ, ਤਾਂ ਸੰਸਾਰੀ ਸੋਚ ਵਾਲਿਆਂ ਨੇ ਭਰਮ-ਭੁਲੇਖਾ ਵੀ ਪ੍ਰਗਟਾਇਆ ਅਤੇ ਕਿੰਤੂ ਵੀ ਕੀਤਾ, ਕਿ 'ਬਾਲ-ਗੁਰੂ' ਗੁਰੂ-ਸਿੰਘਾਸਣ ਦੇ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਕ ਕਰਤੱਵਾਂ ਨੂੰ ਪਹਿਲੇ ਗੁਰੂ-ਪਾਤਿਸ਼ਾਹਾਂ ਵਾਂਗ ਕਿਵੇਂ ਨਿਬਾਹੇਗਾ ? ਘਰੋਗੀ ਤੇ ਸਰਕਾਰੀ-ਵਿਰੋਧ ਤਾਂ ਪਹਿਲੇ ਨਾਲੋਂ ਵੀ ਵਧ ਗਿਆ ਹੈ, ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਿੰਨ ਸਾਲ (੧੬੬੧-੬੪ ਈ:) ਦਾ ਗੁਰੂ-ਸਿੰਘਾਸਣ ਦਾ ਕਰਤੱਵ ਸਹਿਜੇ ਸਪਸ਼ਟ ਕਰਦਾ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਆਤਮਕ-ਰੰਗ, ਬਿਬੇਕ ਬੁਧਿ-ਪ੍ਰਕਾਸ਼, ਚਿੰਤਨ-ਦ੍ਰਿਸ਼ਟੀ , ਗੁਣ-ਰਾਸਿ ਤੇ ਪੱਦ-ਪਦਵੀ ਬਿਲਕੁਲ ਉਸੇ ਤਰ੍ਹਾਂ ਦੀ ਸੀ, ਜਿਵੇਂ ਪਹਿਲੇ ਗੁਰੂ-ਪਾਤਿਸ਼ਾਹਾਂ ਦੀ ਸੀ। ਗੁਰੂ ਗ਼ੋਬਿੰਦ ਸਿੰਘ ਜੀ ਜਦੋਂ 'ਚੰਡੀ ਦੀ ਵਾਰ' ਵਿਚ ਆਪਣੇ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਅਭਿਨੰਦਨ ਕਰਨ ਲਗਦੇ ਹਨ, ਤਾਂ ਇੰਜ ਜਾਪਦਾ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਕਰਤੱਵ ਤੇ ਯੋਗਦਾਨ' ਉਨ੍ਹਾਂ ਦੀ ਪ੍ਰਤੀਬੱਧਤਾ ਦਾ ਵਿਸ਼ੇਸ਼ ਕਾਰਨ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹਰ ਗੁਰੂ-ਪਾਤਿਸ਼ਾਹ ਬਾਰੇ ਅੱਧਾ ਵਾਕ ਉਚਾਰਿਆ ਹੈ, ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਇਕ ਪੂਰਾ ਵਾਕ ਆਤਮਕ, ਸਮਾਜਕ ਤੇ ਸਭਿਆਚਾਰਕ ਤੌਰ ਤੇ ਇਨਾਂ ਭਾਵ-ਪੂਰਨ ਤੇ ਚਿੰਨ੍ਹਾਤਮਕ ਵਾਕ ਉਚਾਰਿਆ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਪ੍ਰਤਿੱਭਾ ਸਹਿਜੇ ਹੀ ਵੱਡੀ ਵੱਡੀ ਤੇ ਮਾਨਵਤਾ ਦੇ ਇਤਿਹਾਸ ਵਿਚ ਅਤਿ ਸਾਰਥਿਕ ਦਿੱਸਣ ਲਗ ਪੈਂਦੀ ਹੈ।

ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਜਨਮ ਤੋਂ ਹੀ ਗੁਰਮਤਿ ਦੀ ਪਛਾਣ ਕਰ ਲਈ ਸੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਜਨਮ ਤੋਂ ਹੀ ਗੁਰੂ-ਪਿਤਾ ਦਾ ਪਿਆਰ, ਮਾਤਾ ਦੀਆਂ ਅਸੀਸਾਂ ਤੇ ਸੰਗਤੀ ਵਾਤਾਵਰਣ ਵਿਚੋਂ ਆਪਣੇ ਆਪ ਨੂੰ ਗੁਰੂ- ਰੰਗ ਨਾਮ-ਰੰਗ ਤੇ ਸੱਚ-ਰੰਗ ਨਾਲ ਰੰਗ ਲਿਆ ਸੀ। ਗੁਰੂ-ਰੰਗ, ਨਾਮ-ਰੰਗ ਤੇ ਸੱਚ-ਰੰਗ ਨੂੰ ਭਾਰਤੀ ਬੋਲੀ ਵਿਚ ਆਤਮਕ-ਰੰਗ ਹੀ ਆਖਿਆ ਜਾਂਦਾ ਹੈ। 'ਆਤਮਕ-ਰੰਗ' ਵਾਲਾ ਅੰਮ੍ਰਿਤ ਵੇਲੇ ਜਾਗਦਾ ਹੈ, ਨਾਮ-ਸਿਮਰਨ ਵਿਚ ਜੁੜਦਾ ਹੈ, ਸੰਗਤੀ ਵਾਤਾਵਰਣ ਵਿਚ ਸਹਿਜ ਤੇ ਵਿਗਾਸ ਮਾਣਦਾ ਹੈ, ਅੰਦਰੋਂ-ਬਾਹਰੋਂ ਰਸਿਕ ਤੇ ਬੈਰਾਗੀ ਹੋ ਜਾਂਦਾ ਹੈ, ਨਿੰਮ੍ਰਤਾ ਮਿੱਠਤ ਤੇ ਸੇਵਾ ਉਸ ਦਾ ਗੁਣ-ਵਿਹਾਰ ਬਣ ਜਾਂਦਾ ਹੈ, ਹਉਮੈ-ਹੰਕਾਰ, ਲੋਭ-ਲਾਲਚ, ਭਰਮ-ਪਾਖੰਡ, ਪਾਪ ਤੇ ਦੁਖ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਇਹੀ ਕਾਰਨ ਹੈ, ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਲ-ਉਮਰ ਤੇ ਗੁਰੂ-ਕਾਲ ਵਿਚ ਵੀ ਅੰਮ੍ਰਿਤ ਵੇਲੇ ਜਾਗਦੇ, ਬਾਣੀ ਅਭਿਆਸ ਵਿਚ ਜੁੜਦੇ, ਸੰਗਤੀ-ਵਾਤਾਵਰਣ ਵਿਚ ਬੈਠ ਪਹਿਲਾਂ ਗੁਰੂ-ਪਿਤਾ ਕੋਲੋਂ ਪੂਰਬਲੇ ਗੁਰੂ-ਪਾਤਿਸ਼ਾਹਾਂ ਦਾ ਸਾਖੀ-ਇਤਿਹਾਸ ਤੇ ਗੁਰਬਾਣੀ ਉਪਦੇਸ਼ ਸੁਣਦੇ ਤੇ ਗੁਰੂ-ਸਿੰਘਾਸਣ ਉਤੇ ਬਿਰਾਜਮਾਨ ਹੋਣ ਪਿਛੋਂ ਆਪ ਵੀ ਇਸੇ ਨਿਯਮ ਅਨੁਸਾਰ ਗੁਰੂ-ਦਰਬਾਰ ਦਾ ਕ੍ਰਿਆ ਕਰਮ ਨਿਭਾਉਂਦੇ ਰਹੇ। ਅਸਲ ਵਿਚ ਇਹੀ ਆਤਮਕ-ਰੰਗ ਸੀ, ਜਿਸ ਨੇ ਬਾਲ-ਉਮਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਗੁਰੂ-ਸਿੰਘਾਸਣ ਉਤੇ ਬੈਠਣ ਨਾਲ ਨਾ ਗੁਰੂ-ਪਾਤਿਸ਼ਾਹ ਦੇ ਮਾਣ ਤੇ ਪ੍ਰਭਾਵ ਨੂੰ ਘੱਟਣ ਦਿੱਤਾ, ਅਤੇ ਨਾ ਹੀ ਸਿਖ ਸੰਗਤਾਂ ਨੂੰ ਕਿਸੇ ਨਿਰਾਸ਼ਾ ਜਾਂ ਉਦਾਸੀ ਵੱਲ ਜਾਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਦਰਬਾਰ ਦੀ ਸਾਰੀ



www.AKJ.Org

ਕ੍ਰਿਆ ਨੂੰ ਕੇਵਲ ਗੁਰੂ-ਮਰਯਾਦਾ ਅਨੁਸਾਰ ਚਲਾਇਆ ਹੀ ਨਹੀਂ, ਸਗੋਂ ਬਿਬੇਕ ਬੁਧਿ ਦਾ ਐਸਾ ਪ੍ਰਕਾਸ਼ ਤੇ ਪ੍ਰਸਾਦਿ ਵਰਤਾਂਦੇ, ਕਿ ਸਿੱਖ ਸੰਗਤਾਂ ਬੰਧਨਾਂ ਤੋਂ ਬੇਪਰਵਾਹ ਹੋਣ ਲੱਗ ਪਈਆਂ ਤੇ 'ਆਤਮਕ ਬਲ' ਗੁਰੂ ਤੇ ਗੁਰੂ-ਦਰਬਾਰ ਦਾ ਪਛਾਣ-ਚਿੰਨ੍ਹ ਬਣ ਗਿਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਗੁਰੂ-ਸਿੰਘਾਸਣ ਉੱਤੇ ਬਿਰਾਜਮਾਨ ਹੋਣ ਵੇਲੇ ਉਮਰ ਭਾਵੇਂ ਪੰਜ ਸਾਲ ਹੈ, ਪਰ ਉਨ੍ਹਾਂ ਦਾ ਹਿਰਦਾ, ਚਿੰਤਨ ਤੇ ਵਿਹਾਰ ਬਿਬੇਕ ਬੁਧਿ ਦੇ ਪ੍ਰਕਾਸ਼ ਨਾਲ ਸ਼ਿੰਗਾਰਿਆ ਹੋਇਆ ਸੀ। ਇਸ ਬਿਬੇਕ ਬੁਧਿ ਦੇ ਪ੍ਰਕਾਸ਼ ਕਾਰਨ ਹੀ ਗੁਰੂ ਹਰਿ ਰਾਏ ਸਾਹਿਬ ਦੇ ਵੱਡੇ ਸਪੁੱਤਰ ਰਾਮ ਰਾਏ ਨੂੰ ਤ੍ਰਿਸਕਾਰ ਕੇ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ-ਸਿੰਘਾਸਣ ਲਈ ਯੋਗ ਤੇ ਲਾਇਕ ਸਵੀਕਾਰ ਕੀਤਾ ਸੀ, ਗੁਰੂ ਪ੍ਰੰਪਰਾ ਵਿਚ ਪ੍ਰਵਾਨਗੀ ਦਾ ਨਿਸ਼ਾਨ ਹਮੇਸ਼ਾਂ ਉਸ ਨੂੰ ਪ੍ਰਾਪਤ ਹੋਇਆ ਹੈ, ਜਿਸ ਦਾ ਅੰਦਰ-ਬਾਹਰ ਬਿਬੇਕ ਬੁਧਿ ਨਾਲ ਸ਼ਿੰਗਾਰਿਆ ਹੋਇਆ ਹੈ। ਬਿਬੇਕ ਬੁਧਿ ਵਾਲਾ ਨਿਰਵੈਰ ਵੀ ਹੁੰਦਾ ਹੈ ਅਤੇ ਨਿਰਭਉ ਵੀ ਹੁੰਦਾ ਹੈ। 'ਸੱਚ' ਉਸਦਾ ਪ੍ਰਥਮ ਪਛਾਣ-ਗੁਣ ਹੁੰਦਾ ਹੈ। ਝੂਠੀ ਖੁਸ਼ਾਮਦ ਕਰਨਾ, ਲੋਭ-ਲਾਲਚ ਅਧੀਨ ਗੁਲਾਮੀ ਸਵੀਕਾਰ ਕਰਨਾ, ਸਮਕਾਲੀ ਰਾਜ-ਸੱਤਾ ਤੇ ਹਾਕਮਾਂ ਨਾਲ ਸਮਝੌਤਾ ਕਰਨਾ, ਪੱਦ-ਪਦਵੀ ਦੀ ਪ੍ਰਾਪਤੀ ਲਈ ਸਾਜ਼ਸ਼ਾਂ ਰਚਨੀਆਂ ਅਤੇ ਕਰਾਮਾਤਾਂ ਦਾ ਵਿਖਾਵਾ ਕਰਨਾ, ਇਹ ਸਭ ਕੁਝ ਬਿਬੇਕ ਬੁਧਿ ਵਾਲੇ ਤੇ ਸੱਚ-ਰਾਜੇ ਨੂੰ ਨਾ ਪਸੰਦ ਹੁੰਦਾ ਹੈ ਅਤੇ ਨਾ ਹੀ ਪਰਵਾਨ ਹੁੰਦਾ ਹੈ। ਗੁਰੂ-ਸਿੰਘਾਸਣ ਉੱਤੇ ਬੈਠਣ ਲਈ ਪਿਤਾ-ਗੁਰੂ ਹਰਿ ਰਾਇ ਸਾਹਿਬ ਦੇ ਹੁੰਦਿਆਂ ਵੀ ਰਾਮ ਰਾਇ ਨੇ ਐਸੇ ਨੀਵੇਂ, ਹੋਛੇ ਤੇ ਕਪਟੀ ਕਿਰਦਾਰ ਦਾ ਪ੍ਰਗਟਾਵਾ ਕੀਤਾ। ਇਸ ਬਿਬੇਕ-ਹੀਣ ਕਿਰਦਾਰ ਕਾਰਣ ਹੀ ਗੁਰੂ ਹਰਿ ਰਾਇ ਸਾਹਿਬ ਨੇ ਰਾਮ ਰਾਇ ਨੂੰ ਇੰਨਾ ਤ੍ਰਿਸਕਾਰਿਆ, ਦੁਰਕਾਰਿਆ ਤੇ ਫਿਟਕਾਰਿਆ ਕਿ ਉਸ ਨੂੰ ਆਪੇ ਸੰਦੇਸ਼ਾ ਭੇਜਿਆ, ਕਿ 'ਰਾਮ ਰਾਇ' ਜਿਧਰ ਤੇਰਾ ਮੂੰਹ ਹੈ, ਉਧਰ ਚਲਾ ਜਾ, ਮੇਰੇ ਮੱਥੇ ਨਾ ਲੱਗੀਂ। ਗੁਰੂ ਹਰਿ ਰਾਇ ਸਾਹਿਬ ਦੇ ਇਹ ਬੋਲ ਉਨ੍ਹਾਂ ਦੀ ਬਿਬੇਕ-ਬੁਧਿ-ਸ਼ਖਸੀਅਤ ਦੇ ਪ੍ਰਤੀਕ ਹਨ ਅਤੇ ਸਪੁੱਤਰ ਗੁਰੂ ਹਰਿਕ੍ਰਿਸ਼ਨ ਸਾਹਿਬ ਲਈ ਗੁਰੂ-ਪ੍ਰੰਪਰਾ ਵਿਚ ਰਹਿਣ ਲਈ ਆਦੇਸ਼ ਵੀ ਹਨ। ਇਹੀ ਕਾਰਨ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਉੱਤੇ ਬੈਠ ਕੇ ਜਿਥੇ ਬਿਲਕੁਲ ਸਚਿਆਰ, ਨਿਰਭਉ ਤੇ ਨਿਰਵੈਰ ਚਰਿੱਤਰ ਦਾ ਪ੍ਰਗਟਾਵਾ ਕੀਤਾ, ਉਥੇ ਗੁਰੂ-ਕਾਲ ਵਿਚ ਨਾ ਸਮਕਾਲੀ ਰਾਜ-ਸੱਤਾ ਨਾਲ ਕੋਈ ਸਮਝੌਤਾ ਕੀਤਾ, ਨਾ ਪ੍ਰਾਧੀਨਤਾ ਸਵੀਕਾਰੀ, ਨਾ ਖੁਸ਼ਾਮਦ ਕੀਤੀ ਅਤੇ ਨਾ ਹੀ ਖੁਸ਼ਾਮਦੀ ਨੂੰ ਨੇੜੇ ਲੱਗਣ ਦਿੱਤਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਸਿੰਘਾਸਣ ਦਾ ਆਤਮਕ, ਸਮਾਜਕ, ਸਭਿਆਚਾਰਕ ਤੇ ਰਾਜਨੀਤਿਕ ਸਾਰਾ ਕਾਰਜ ਗੁਰੂ-ਪ੍ਰੰਪਰਾ ਤੇ ਗੁਰੂ-ਮਰਯਾਦਾ ਅਨੁਸਾਰ ਹੀ ਕੀਤਾ।

ਗੁਰੂ-ਸਿੰਘਾਸਣ ਉੱਤੇ ਬਿਰਾਜਮਾਨ ਹੋਣ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਜਿਥੇ ਪਿਤਾ-ਗੁਰੂ ਹਰਿ ਰਾਇ ਜੀ ਨੇ ਆਪਣਾ ਪਿਆਰ ਦਿੱਤਾ, ਅਸੀਸਾਂ ਪ੍ਰਦਾਨ ਕੀਤੀਆਂ, ਪ੍ਰੰਪਰਾਗਤ ਰੂਪ ਵਿਚ ਕੁਝ ਆਦੇਸ਼ ਵੀ ਕੀਤੇ ਉਥੇ ਇਕ ਵਰਦਾਨ ਵੀ ਦਿੱਤਾ, ਅਰਥਾਤ ਜਿਹੜਾ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ-ਦੀਦਾਰ ਕਰੇਗਾ, ਉਸ ਦੇ 'ਸਭਿ-ਦੁਖਿ' ਜਾਣਗੇ ਹੀ ਨਹੀਂ, ਸਗੋਂ ਉਸ ਦੇ ਕਲੇਸ਼ ਤੇ ਸੰਕਟ ਵੀ ਮੁਕ ਜਾਣਗੇ। ਇਤਿਹਾਸਕ ਗ੍ਰੰਥਾਂ ਨੇ ਇਸ 'ਵਰਦਾਨ' ਨੂੰ ਇਸ ਵਾਕ-ਅੰਸ਼ 'ਨਹਿ ਦਰਸਹਿ ਦਰਸਾਵਹਿ' ਰਾਹੀਂ ਉਜਾਗਰ ਕੀਤਾ ਹੈ। 'ਨਹਿ ਦਰਸਹਿ' ਸੰਕੇਤ ਹੈ-ਰਾਮ ਰਾਇ ਪ੍ਰਤੀ। ਗੁਰੂ ਹਰਿ ਰਾਇ ਸਾਹਿਬ ਦਾ ਆਦੇਸ਼ ਹੀ ਨਹੀਂ, ਸਾਰੇ ਸਿੱਖਾਂ ਪ੍ਰਤੀ ਹੁਕਮ ਵੀ ਸੀ, ਕਿ ਰਾਮ ਰਾਇ ਦੇ ਦਰਸ਼ਨ ਨਹੀ ਕਰਨੇ, ਉਸ ਦੀਆਂ ਭੇਜੀਆਂ ਭੇਟਾਵਾਂ ਤੇ ਸਿਰੋਪਾਉ ਸਵੀਕਾਰ ਨਹੀਂ ਕਰਨੇ। 'ਦਰਸਾਵਹਿ' ਪਦ ਗੁਰੂ ਹਰਿਕ੍ਰਿਸ਼ਨ ਸਾਹਿਬ ਪ੍ਰਤੀ ਵਰਦਾਨ ਦਾ ਪ੍ਰਤੀਕ ਹੈ, ਕਿ ਉਹਨਾਂ ਦੇ ਦਰਸ਼ਨ-ਦੀਦਾਰ ਨਾਲ 'ਸਭਿ ਦੁਖਿ, ਕਲੇਸ਼ ਤੇ ਸੰਕਟ' ਮੁੱਕ ਜਾਣਗੇ। ਗੁਰੂ-ਪਾਤਸ਼ਾਹ ਨੂੰ ਵੇਖ ਕੇ, ਸਮੁੱਚੇ ਜੀਵਨ-ਵਿਹਾਰ ਵਿਚ ਗੁਰੂ-ਪਾਤਿਸ਼ਾਹ ਵਰਗਾ ਹੋ ਜਾਣ ਨਾਲ ਨਿਸਚੇ ਹੀ ਦੁੱਖ ਕਲੇਸ਼ ਤੇ ਸੰਕਟ ਮਿਟ ਜਾਂਦੇ ਹਨ। ਗੁਰਬਾਣੀ ਦੀ ਸਪਸ਼ਟ ਗਵਾਹੀ ਹੈ:

੧) **ਸਤਿਗੁਰ ਕਾ ਦਰਸਨੁ ਸਫਲੁ ਹੈ**
**ਜੇਹਾ ਕੋ ਇਛੇ ਤੇਹਾ ਫਲੁ ਪਾਏ।।**
**ਗੁਰ ਕਾ ਸਬਦੁ ਅੰਮ੍ਰਿਤੁ ਹੈ**
**ਸਭ ਤ੍ਰਿਸਨਾ ਭੁਖ ਗਵਾਏ।। (ਮ: ੩)**

੨) **ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ।।**
**ਜੋ ਜੋ ਓਨਾ ਕਰਮ ਸੁਕਰਮ ਹੋਇ ਪਸਰਿਆ।।**
**ਹਰਿ ਹਾਂ ਦੂਖ ਰੋਗ ਸਭਿ**
**ਪਾਪ ਤਨਿ ਤੇ ਖਿਸਰਿਆ।।**

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਕਾਲ ਵਿਚ ਐਸੀ 'ਘਾਲਿ-ਕਮਾਈ' ਪ੍ਰਾਪਤ ਕਰ ਲਈ ਸੀ, ਕਿ ਜਿਹੜਾ ਵੀ ਉਨ੍ਹਾਂ ਦੇ ਦਰਸ਼ਨ-ਦੀਦਾਰ



www.AKJ.Org

ਕਰਦਾ, ਉਪਦੇਸ਼-ਆਦੇਸ਼ ਉਤੇ ਅਮਲ ਕਰਦਾ, ਉਹ 'ਸਭਿ ਦੁਖਿ' ਦੀ ਪੀੜਾ ਤੋਂ ਸਹਿਜੇ ਹੀ ਸੁਤੰਤਰ ਹੋ ਜਾਂਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਕਾਲ-ਜੀਵਨ' ਸਾਖੀ ਹੈ, ਕਿ ਉਨ੍ਹਾਂ ਨੇ ਅਨੇਕਾਂ ਹੀ ਦੁਖਿਤ ਤੇ ਪੀੜਤ ਜੀਵਾਂ ਨੂੰ ਆਤਮਕ, ਮਾਨਸਿਕ ਤੇ ਸਰੀਰਕ ਸੁੱਖ-ਸ਼ਾਂਤੀ ਪ੍ਰਦਾਨ ਕੀਤੀ। ਇਥੋਂ ਤਕ ਕਿ ਦਿੱਲੀ ਵਿਚ ਫੈਲੇ ਚੇਚਕ ਦੇ ਰੋਗ ਤੋਂ ਲੋਕਾਂ ਨੂੰ ਬਚਾਉਣ ਵਾਸਤੇ ਆਪਣਾ ਸਰੀਰ ਵੀ 'ਮਾਨਵ-ਸੇਵਾ' ਨਮਿਤ ਭੇਟ ਚੜ੍ਹਾ ਦਿੱਤਾ। ਇਸ ਕੁਰਬਾਨੀ, ਇਸ ਯੋਗਦਾਨ ਕਾਰਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਕ-ਸੁਰ ਵਿਚ ਇਕ-ਸੁਰ ਹੋ, ਇਹ ਗਾਇਆ ਹੋਵੇਗਾ:

**"ਸ੍ਰੀ ਹਰਿਕ੍ਰਿਸ਼ਨ ਧਿਆਈਐ**
**ਜਿਸ ਡਿਠੇ ਸਭਿ ਦੁਖਿ ਜਾਇ।**

ਦਸ -ਗੁਰੂ-ਪਾਤਿਸ਼ਾਹਾਂ ਦੇ ਮਨ, ਬਚਨ ਤੇ ਕਰਮ ਤੋਂ, ਖਾਸ ਕਰ ਕੇ ਗੁਰੂ-ਬਾਣੀ ਤੇ ਗੁਰੂ-ਇਤਿਹਾਸ ਤੋਂ ਸਹਿਜੇ ਹੀ ਸਪਸ਼ਟ ਹੁੰਦਾ ਹੈ, ਕਿ ਗੁਰੂ-ਪ੍ਰੰਪਰਾ ਸ਼ੁੱਧ ਰੂਪ ਵਿਚ 'ਧਰਮ' ਨੂੰ ਸਥਾਪਿਤ ਤੇ ਉਜਾਗਰ ਕਰਨ ਲਈ ਹੀ, ਪ੍ਰਕਾਸ਼ ਰੂਪ ਵਿਚ, ਇਸ ਲੋਕ ਵਿਚ ਪ੍ਰਗਟ ਹੋਈ ਸੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ ਪਠਾਈ ਸੀ, ਤਾਂ ਜੋ ਧਰਮ-ਦੋਖੀਆਂ ਤੇ ਧਰਮ-ਸੱਚ ਆਚਾਰ ਵਿਚ ਜੋ ਗਿਰਾਵਟ ਤੇ ਭ੍ਰਿਸ਼ਟਾਚਾਰ ਆ ਚੁੱਕਾ ਸੀ, ਉਸਨੂੰ ਪਛਾੜ ਕੇ, ਮਾਨਵਤਾ ਨੂੰ ਸਰਬ ਵੰਡਾਂ, ਰੋਗਾਂ ਤੇ ਭ੍ਰਿਸ਼ਟ ਆਦਤਾਂ ਤੋਂ ਹਟਾ ਕੇ, ਉਸ ਨੂੰ ਮਹਾਂ ਪੁਰਖ, ਸੁਜਾਣ ਪੁਰਖ, ਪ੍ਰਮਾਣ ਪੁਰਖ ਤੇ ਦੇਵਤਾ ਸਿਰਜਿਆ ਜਾ ਸਕੇ। ਗੁਰੂ- ਪ੍ਰੰਪਰਾ ਦਾ ਸਾਰਾ ਜੀਵਨ ਹੀ ਨਹੀਂ, ਸਾਰਾ ਬੱਲ ਵੀ ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸਮਰਪਿਤ ਸੀ। ਇਸ ਧਰਮ-ਆਦਰਸ਼ ਦੀ ਪੂਰਤੀ ਵਾਸਤੇ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋਈ ਸੀ। ਗੁਰੂ-ਪ੍ਰੰਪਰਾ ਵਲੋਂ ਧਰਮ ਦੇ ਪ੍ਰਸੰਗ ਵਿਚ ਜੋ ਕੁਝ ਵੀ ਸਿਰਜਿਆ-ਸੰਵਾਰਿਆ ਤੇ ਸਥਾਪਿਤ ਕੀਤਾ ਜਾ ਰਿਹਾ ਸੀ, ਉਹ ਸਾਰੇ ਦਾ ਸਾਰਾ ਮਾਨਵ-ਜੀਵਨ ਨੂੰ ਧਰਮੀ ਤੇ ਆਦਰਸ਼ਕ ਸਿਰਜਨ ਵਾਸਤੇ ਹੀ ਸੀ ਅਤੇ ਧਰਮ ਤੇ ਮਾਨਵ-ਕੀਮਤਾਂ ਹੀ ਉਸ ਗੁਰੂ-ਪ੍ਰੰਪਰਾ ਦਾ ਕੇਂਦਰ-ਬਿੰਦੂ ਸਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਵੀ ਧਰਮ ਦੀ ਸ਼ੁੱਧ ਭਾਵਨਾ ਨਾਲ ਜੁੜੇ ਰਹਿਣ ਲਈ ਜਿਥੇ ਆਪਣੇ ਸਿੱਖਾਂ ਨੂੰ 'ਹੁਕਮਨਾਮੇ' ਭੇਜੇ, ਉਥੇ ਉਨ੍ਹਾਂ ਨੇ ਧਰਮ-ਦੋਖੀਆਂ ਤੇ ਧਰਮ-ਵਿਰੋਧੀ ਕੂੜ-ਕ੍ਰਿਆ ਨੂੰ ਪੂਰੇ ਜ਼ੋਰ ਨਾਲ ਨਿਖੇਧਿਆ, ਜਿਵੇਂ ਸਾਰੀ ਗੁਰੂ-ਪ੍ਰੰਪਰਾ ਜਾਤਿ-ਪਾਤਿ, ਉਚੇ-ਨੀਵੇਂ ਤੇ ਅਮੀਰ-ਗਰੀਬ ਦੀ ਵੰਡ ਨੂੰ ਪਸੰਦ ਨਹੀਂ ਸੀ ਕਰਦੀ, ਇਸੇ ਤਰ੍ਹਾਂ ਗੁਰੂ ਹਰਿਕ੍ਰਿਸ਼ਨ ਸਾਹਿਬ ਵੀ ਵਰਨ-ਆਸ਼ਰਮ ਤੇ ਜਾਤਿ-ਪਾਤਿ ਦੀ ਵੰਡਾਂ ਨੂੰ 'ਕੋਹੜ' ਕਹਿ ਕੇ ਜੜੋਂ ਪੁੱਟਣ ਦਾ ਨਿਰੰਤਰ ਯਤਨ ਕਰਦੇ ਰਹੇ। ਇਤਿਹਾਸ ਸਾਖੀ ਹੈ, ਕਿ ਬਿਬੇਕ ਬੁਧਿ-ਪ੍ਰਕਾਸ਼ ਪ੍ਰਦਾਨ ਕਰਨ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਪੰਡਿਤ ਅਤੇ ਘਾਹੀ ਵਿਚ ਅੰਤਰ (ਫਰਕ) ਨਹੀਂ ਜਾਤਾ। ਮਾਨਵ ਰੂਪ ਵਿਚ ਹਰ ਕੋਈ ਗਿਆਨ ਪ੍ਰਾਪਤ ਕਰ ਸਕਦਾ ਹੈ-ਗਿਆਨ ਵੇਦਾਂ ਦਾ ਹੋਵੇ ਜਾਂ ਗੀਤਾਂ ਦਾ। ਸਮਕਾਲੀ ਜੀਵਨ ਵਿਚ ਕੁੜੀ ਮਾਰਨੀ, ਤੰਬਾਕੂ-ਨੋਸ਼ੀ, ਜੂਆ ਖੇਡਣਾ ਤੇ ਸ਼ਰਾਬ ਪੀਣੀ, ਇਹ ਮੰਦ ਆਦਤਾਂ ਬੜੀਆਂ ਵਿਆਪਕ ਸਨ। ਗੁਰੂ ਹਰਿਕ੍ਰਿਸ਼ਨ ਸਾਹਿਬ ਆਪਣੀ ਪ੍ਰਚਾਰ-ਯਾਤਰਾ ਵਿਚ ਖੁਲ੍ਹੇ ਤੌਰ ਤੇ ਆਖਦੇ ਸਨ, ਕਿ ਇਹ ਮੰਦ ਆਦਤਾਂ ਧਰਮ-ਵਿਰੋਧੀ ਹਨ, ਤੁਹਾਡੇ ਧਰਮੀ ਬਣਨ ਵਿਚ ਰੁਕਾਵਟ ਹਨ, ਇਨ੍ਹਾਂ ਨੂੰ ਤਿਆਗੋ। ਗੁਰੂ ਸਾਹਿਬ ਦੇ ਇਥੋਂ ਤਕ ਆਦੇਸ਼ ਸਨ ਕਿ ਮੰਦ ਆਦਤਾਂ ਵਾਲਾ, ਖਾਸ ਕਰਕੇ, 'ਕੁੜੀ ਮਾਰ' ਸੰਗਤ ਵਿਚ ਨਹੀਂ ਬੈਠ ਸਕਦਾ। ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣੇ ਗੁਰੂ-ਪਿਤਾ ਦੇ ਆਦੇਸ਼ ਅਨੁਸਾਰ ਧਰਮ-ਦੋਖੀ ਧੀਰਮਲ ਤੇ ਰਾਮ ਰਾਈਆਂ ਨੂੰ ਵੀ ਨਾ ਗੁਰੂ ਦਰਬਾਰ ਦੇ ਨੇੜੇ ਲੱਗਣ ਦਿੱਤਾ ਅਤੇ ਨਾ ਹੀ ਰੋਟੀ-ਬੇਟੀ ਦੀ ਕੋਈ ਸਾਂਝ ਰਖੀ। ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੇ ਵੇਲੇ ਤੋਂ ਜਿਹੜੇ ਪੀੜ੍ਹੀ ਦਰ ਪੀੜ੍ਹੀ ਧਰਮ ਪ੍ਰਚਾਰ ਅਤੇ ਗੋਲਕ ਭੇਜਣ ਲਈ ਮਸੰਦ ਸਥਾਪਿਤ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨਾਲ ਵੀ ਪੂਰਾ ਮੇਲ-ਮਿਲਾਪ ਰਖਿਆ। ਜਿਨ੍ਹਾਂ ਮਸੰਦਾਂ ਬਾਰੇ ਗੁਰੂ-ਦਰਬਾਰ ਵਿਚ ਸ਼ਿਕਾਇਤਾਂ ਸਨ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਉਨ੍ਹਾਂ ਨੂੰ ਠੀਕ ਹੋਣ ਵਾਸਤੇ ਕੇਵਲ ਚੇਤਾਵਨੀਆਂ ਹੀ ਨਾ ਭੇਜੀਆਂ, ਸਗੋਂ ਸੋਧਣ ਵਾਸਤੇ ਵੀ ਪ੍ਰਬੰਧ ਕੀਤੇ। ਗੁਰੂ-ਪ੍ਰੰਪਰਾ ਤੇ ਸਿੱਖ ਲਹਿਰ ਨੂੰ ਸਥਾਪਿਤ ਕਰਨ ਅਤੇ ਵਿਕਸਿਤ ਕਰਨ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਯੋਗਦਾਨ ਕਿਸੇ ਵੀ ਤਰ੍ਹਾਂ ਘੱਟ ਨਹੀਂ।

'ਗੁਰੂ-ਸਿੰਘਾਸਣ' ਕਰਤਾਰਪੁਰ ਵਿਚ ਸੀ, ਖਡੂਰ ਸਾਹਿਬ, ਗੋਇੰਦਵਾਲ, ਅੰਮ੍ਰਿਤਸਰ, ਕੀਰਤਪੁਰ ਜਾਂ ਦਿੱਲੀ ਵਿਚ ਸੀ, ਗੁਰੂ-ਪਾਤਿਸ਼ਾਹ ਜਿਥੇ ਵੀ ਬਿਰਾਜਦੇ, ਉਹ ਸਥਾਨ ਸਹਿਜੇ ਹੀ ਪਾਵਨ ਤੇ ਪਵਿੱਤਰ

ਬਾਕੀ ਪੰਨਾ ੧੨ ਤੇ......



www.AKJ.Org

# ਫਲ ਸਦਾ ਸ਼ਰਧਾ ਨੂੰ ਲਗਦੇ ਹਨ

(ਪਾਂਧੀ ਨਨਕਾਣਵੀ)

.....ਔਰੰਗਜ਼ੇਬ ਦੇ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ ਸਨ ਕਿਉਂਕਿ ਉਹ ਗੁਰੂ ਨਾਨਕ ਪਾਤਸ਼ਾਹ ਜੀ ਦੀ ਸਤਵੀਂ ਜੋਤ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਦਰਸ਼ਨ ਕਰਨ ਤੋਂ ਵਾਂਝਾ ਰਹਿ ਗਿਆ ਸੀ। ਦਰਸ਼ਨ ਕਰਨ ਦਾ ਤਾਂ ਇਕ ਬਹਾਨਾ ਸੀ। ਦਰ ਅਸਲ, ਉਹ ਵੀ ਆਪਣੇ ਦਾਦਾ–ਜਾਨ ਜਹਾਂਗੀਰ ਦੇ ਨਕਸ਼ਿ–ਕਦਮ ਤੇ ਚਲਣ ਦਾ ਦ੍ਰਿੜ੍ਹ ਇਰਾਦਾ ਧਾਰ ਕੇ ਮੁਗ਼ਲੀਆ ਤਖ਼ਤ ਦਾ ਵਾਰਸ ਬਣਿਆ ਸੀ। ਉਹ ਵੀ ਜਹਾਂਗੀਰ ਵਾਂਗ, ਸਿੱਖ ਧਰਮ ਵਿਰੁੱਧ ਵਿਸੁ ਘੋਲ ਰਿਹਾ ਸੀ, ਤੇ ਸਿੱਖ ਧਰਮ ਦੀ ਦਿਨੋਂ ਦਿਨ ਵਧਦੀ ਸ਼ਕਤੀ ਨੂੰ ਕੈਰੀ ਅੱਖ ਨਾਲ ਵੇਖ ਰਿਹਾ ਸੀ, ਅਤੇ ਉਹ ਇਕ ਅਜਿਹੇ ਬਹਾਨੇ ਦੀ ਭਾਲ ਕਰ ਰਿਹਾ ਸੀ, ਕਿ ਉਹ ਇਸ ਗੁਰਗੱਦੀ ਨੂੰ, ਜੋ ਕਿ ਸੱਚ ਤੇ ਪਹਿਰਾ ਦੇ ਕੇ, ਸਰਬ ਲੋਕਾਈ ਨੂੰ ਪਿਆਰ, ਮਾਨਵ ਏਕਤਾ, ਤੇ ਭਰਾਤਰੀ ਪਿਆਰ ਦਾ ਸੁਨੇਹਾ ਦੇ ਰਹੀ ਸੀ....... ਖ਼ਤਮ ਕਰ ਸਕੇ। ਕਿਉਂਕਿ ਸੱਚ ਦੀ ਆਵਾਜ਼ ਸੁਣਨ ਨਾਲ ਪਾਪੀ ਮਨਾਂ ਦੇ ਪਾਪ ਕੰਬਿਆ ਕਰਦੇ ਹਨ। ਉਹਨਾਂ ਦੀਆਂ ਨਿਰਜਿੰਦ ਜ਼ਮੀਰਾਂ ਕਰਵਟਾਂ ਲੈ ਲਿਆ ਕਰਦੀਆਂ ਹਨ, ਤੇ ਪਾਪੀ ਮਨਾਂ ਨੂੰ ਦਰ–ਅਸਲ ਆਪਣੀਆਂ ਇਹਨਾਂ ਮਾਰ ਮੁਕਾਈਆਂ, ਤੇ ਸਿਸਕਦੀਆਂ ਜ਼ਮੀਰਾਂ ਤੋਂ ਵੀ ਡੱਰ ਲਗਿਆ ਰਹਿੰਦਾ ਹੈ। ਇਸ ਲਈ, ਨਾਂ ਇਹ ਸਚਿਆਈ ਦੀ ਸ਼ਮ੍ਹਾਂ ਰੋਸ਼ਨ ਰਹੇਗੀ, ਤੇ ਨਾਂ ਉਹਨਾਂ ਦੇ ਦਿਲਾਂ ਦੇ ਹਨੇਰੇ ਪੱਖ ਰੋਸ਼ਨ ਹੋਣਗੇ।.....ਪਰੰਤੂ ਗੁਰੂ ਹਰਿ ਰਾਏ ਸਾਹਿਬ, ਅਜਿਹੇ ਦ੍ਰਿੜ੍ਹ ਰਹੇ, ਕਿ ਉਹਨਾਂ ਨੇ ਖੁਲ੍ਹੇ–ਆਮ ਔਰੰਗਜ਼ੇਬ ਦੇ ਹੁਕਮ ਨੂੰ ਠੁਕਰਾ ਦਿਤਾ, ਤੇ ਨਾਲ ਇਹ ਵੀ ਐਲਾਨ ਕਰ ਦਿਤਾ ਕਿ ਅਜਿਹੇ ਪਾਪੀ ਤੇ ਮਲੇਛ ਦੇ ਮੱਥੇ ਲਗਣ ਲਈ ਤਿਆਰ ਨਹੀਂ ਹਨ।

ਇਹ ਹੈ ਆਤਮਕ ਦਲੇਰੀ ਦੀ ਗੂੰਜਦੀ ਆਵਾਜ਼, ਜੋ ਗੁਰੂ ਹਰਿ ਰਾਏ ਸਾਹਿਬ ਦੇ ਸਵੱਛ ਹਿਰਦੇ ਚੋਂ ਗੂੰਜੀ। ਇਹ ਆਤਮਕ ਦਲੇਰੀ ਹਰ ਇਕ ਦੇ ਨਸੀਬ ਵਿਚ ਕਿਥੇ ? ਇਹ ਗੱਲ ਤਾਂ ਗੁਰੂ ਨਾਨਕ ਦੇ ਦਰ ਘਰ ਦੀ ਮੁਥਾਜ ਹੈ ਕਿਉਂਕਿ ਇਹ ਤਾਂ ਗੁਰੂ ਨਾਨਕ ਦੇਵ ਹੀ ਕਹਿ ਸਕਦੇ ਹਨ, ਖੁਲ੍ਹੇ–ਆਮ, ਉੱਚੇ ਸਵੱਰ ਵਿਚ :–

"ਰਾਜੇ ਸੀਹ ਮੁਕਦਮ ਕੁਤੇ।  
ਜਾਇ ਜਗਾਇਨਿ ਬੈਠੇ ਸੁਤੇ।।  
ਚਾਕਰ ਨਹਦਾ ਪਾਇਨਿ ਘਾਉ।  
ਰਤੁ ਪਿਤੁ ਕੁਤਿਹੋ ਚਟਿ ਜਾਹੁ।।  
ਜਿਥੈ ਜੀਆਂ ਹੋਸੀ ਸਾਰ।।  
ਨਕੀ ਵਢੀ ਲਾਇਤਬਾਰ।।" (ਵਾਰ ਮਲਾਰ, ਪਉੜੀ ੨੨ ਨਾਲੋਂ)

ਅਤੇ ਗੁਰੂ ਨਾਨਕ ਪਾਤਸ਼ਾਹ ਦਾ ਇਹ ਫ਼ੁਰਮਾਨ :–

"ਕਲਿ ਕਾਤਿ ਰਾਜੇ ਕਾਸਾਈ  
ਧਰਮੁ ਪੰਖ ਕਰ ਉਡਰਿਆ।।  
ਕੂੜੁ ਅਮਾਵਸ ਸਚੁ ਚੰਦ੍ਰਮਾ  
ਦੀਸੈ ਨਾਹੀ ਕਹ ਚੜਿਆ।।"

....ਪਰੰਤੂ ਗੁਰੂ ਹਰਿ ਰਾਏ ਸਾਹਿਬ ਵਾਰ ਵਾਰ ਮੁਗ਼ਲੀਆ ਆਹਿਦੇ ਦੇ ਬਾਵਜੂਦ ਆਪ ਆਪਣੀ ਗੱਲ ਤੇ ਤਾਂ ਦ੍ਰਿੜ੍ਹ ਰਹੇ, ਪਰੰਤੂ ਆਪਣੇ ਵੱਡੇ ਸਾਹਿਬਜ਼ਾਦੇ, ਬਾਬਾ ਰਾਮ ਰਾਇ ਨੂੰ, ਦਿਲੀ ਔਰੰਗਜ਼ੇਬ ਦੇ ਕੋਲ ਭੇਜਣਾ ਮੰਨ ਗਏ, ਜਿਥੇ ਬਾਬਾ ਰਾਮ ਰਾਏ, ਮੁਗ਼ਲ ਦਰਬਾਰ ਦੇ ਖ਼ੁਸ਼ਾਮਦੀ ਮਾਹੌਲ ਦੇ ਚਕਰਵਿਊ ਵਿਚ ਅਜਿਹਾ ਫਸਿਆ ਕਿ ਅੰਤ ਉਸ ਨੇ ਗੁਰੂ ਨਾਨਕ ਦੇ ਦਰ ਘਰ ਵਲੋਂ ਪਿਠ ਫੇਰ ਲਈ। ਜਾਣੀ ਔਰੰਗਜ਼ੇਬ, ਉਸ ਦੇ ਅਹਿਦੀਆਂ, ਕਾਜ਼ੀਆਂ ਤੇ ਮੁਫ਼ਤੀਆਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਗੁਰੂ ਨਾਨਕ ਪਾਤਸ਼ਾਹ ਦੁਆਰਾ ਰਚਿਤ ਇਹ ਤੁਕ, 'ਮਿਟੀ ਮੁਸਲਮਾਨ ਕੀ' ਨੂੰ ਬਦਲ ਕੇ 'ਮਿਟੀ ਬੇਈਮਾਨ ਕੀ' ...ਆਖ ਦਿੱਤਾ। ਤੇ ਇੰਜ ਪਿਤਾ ਗੁਰਦੇਵ ਨੂੰ ਨਾਰਾਜ਼ ਕਰ ਲਿਆ। ਆਖ਼ਰ ਗੱਲ ਅਸੂਲ ਦੀ ਸੀ। ਸਿੱਖ ਧਰਮ ਦੀ ਵਡਿਤਣ ਹੀ ਇਸ ਗੱਲ ਵਿਚ ਹੈ, ਕਿ ਇਥੇ ਬਿਨਾ–ਲਿਹਾਜ਼ ਕੇਵਲ ਸਚ ਦਾ ਹੀ ਪੱਖ ਪੂਰਿਆ ਜਾਂਦਾ ਹੈ। ਸਚ ਖ਼ੂਨ ਨੂੰ ਇਥੇ ਦੁੱਧ ਪਾਣੀ ਵਾਂਗ ਨਿਤਾਰਿਆ ਜਾਂਦਾ ਹੈ, ਸੋ ਇਸ ਅਸੂਲ ਅਨੁਸਾਰ, ਗੁਰੂ ਹਰਿ ਰਾਏ ਸਾਹਿਬ ਨੇ, ਆਪਣੇ ਪੁੱਤਰ ਦਾ ਹਮੇਸ਼ਾ ਹਮੇਸ਼ਾ ਲਈ ਤਿਆਗ ਕਰ ਦਿਤਾ, ਤੇ ਐਲਾਨ ਵੀ ਕੀਤਾ, ਕਿ ਅਸੀਂ ਉਮਰ–ਭਰ, ਰਾਮ ਰਾਏ ਦਾ ਮੱਥੇ ਨਹੀਂ ਲਗਾਂਗੇ, ਤੇ ਸਾਡੇ ਗੁਰਸਿੱਖ ਵੀ ਸਾਡੀ ਪੈਰਵੀ ਕਰਨ। ਅੰਤ ਰਾਮ ਰਾਏ ਵੀ ਕੇਵਲ ਔਰੰਗਜ਼ੇਬ ਦੇ ਦਰਬਾਰ ਦਾ ਗੋਲਾ ਬਣ ਕੇ ਰਹਿ ਗਿਆ ਸੀ, ਤੇ ਗੁਰੂ ਘਰ ਦੀਆਂ ਸਮੂਹ ਬਰਕਤਾਂ ਤੇ ਰਹਿਮਤਾਂ ਤੋਂ ਮਹਿਰੂਮ ਹੋ ਗਿਆ ਸੀ।

.....ਤੇ ਫਿਰ ਔਰੰਗਜ਼ੇਬ ਨੂੰ ਇਹ ਖ਼ਬਰ ਮਿਲੀ, ਕਿ ਸਤਵੇਂ ਸਤਿਗੁਰੂ ਨੇ, ਆਪਣੇ ਪੰਜਾਂ ਕੁ ਵਰ੍ਹਿਆਂ ਦੇ ਬਾਲਕ ਹਰਿਕ੍ਰਿਸ਼ਨ ਨੂੰ ਗੁਰੂ ਨਾਨਕ ਦੀ ਗੁਰਗੱਦੀ ਸੌਂਪ (੬ ਅਕਤੂਬਰ ੧੬੬੧) ਦਿਤੀ ਹੈ, ਅਤੇ ਗੁਰੂ ਨਾਨਕ ਦੀ ਜੋਤ ਗੁਰੂ ਹਰਿਕ੍ਰਿਸ਼ਨ ਦੇ ਹਿਰਦੇ ਵਿਚ ਟਿਕਾਅ ਕੇ, ਆਪ ਜੋਤੀ ਜੋਤ ਸਮਾ ਗਏ ਹਨ : ਯਾਨੀ ਵਾਹਿਗੁਰੂ ਦੀ ਮਹਾਨ ਜੋਤ ਵਿਚ ਅਭੇਦ ਹੋ ਗਏ ਹਨ।

...ਪੰਜਾਂ ਕੁ ਵਰ੍ਹਿਆਂ ਦੇ ਅਨ [illegible] ਗੁਰੂ ਸਾਹਿਬ [illegible] ਸੋਚਦਿਆਂ ਹੋਇਆਂ, ਔਰੰਗਜ਼ੇਬ ਦਾ ਪਿਆਲਾ ਸਬਰ ਦਾ ਭਰਤ [illegible] ਸਿਸਕਦੀ ਜਾ ਰਹੀ ਸੀ, ਤੇ ਉਹ [illegible] ਰਿਹਾ ਸੀ, ਕਿ



www.AKJ.Org

ਪੰਜਾਂ ਕੁ ਸਾਲਾਂ ਦੀ ਆਯੂ ਵਿਚ, ਗੁਰਗੱਦੀ ਦੀ ਜ਼ਿੰਮੇਵਾਰੀ ਇਹ ਕਿਵੇਂ ਸੰਭਾਲ ਸਕਣਗੇ ? ਉਸਨੇ ਰਾਮ ਰਾਇ ਨੂੰ ਆਪਣਾ ਹਥਿਆਰ ਬਣਾਉਣ ਲਈ ਚੁਕਿਆ, ਕਿ ਗੁਰਗੱਦੀ ਤਾਂ ਉਸੇ ਨੂੰ ਹੀ ਮਿਲਣੀ ਚਾਹੀਦੀ ਸੀ। ਪਰ ਗੁਰਗੱਦੀ ਦਾ ਵਾਰਸ ਬਣਨ ਲਈ, ਉਮਰ ਦਾ ਤਾਂ ਕੋਈ ਤਕਾਜ਼ਾ ਹੀ ਨਹੀਂ ਸੀ, ਇਸ ਗੱਲ ਨੂੰ ਰਾਮ ਰਾਇ ਵੀ ਖ਼ੂਬ ਜਾਣਦਾ ਸੀ। ਖ਼ੈਰ, ਦੋ ਕੁ ਵਰ੍ਹੇ ਚੁੱਪ ਵਰਤੀ ਰਹੀ।

....ਪਰੰਤੂ ਸੰਨ ੧੬੬੩ ਈ: ਦੇ ਅੰਤ ਵਿਚ, ਔਰੰਗਜ਼ੇਬ ਜਦੋਂ ਮੁਲਕੀ ਕੰਮਾਂ ਤੋਂ ਕੁਝ ਵਿਹਲਾ ਹੋਇਆ, ਤਾਂ ਉਸ ਦੇ ਦਿਮਾਗ ਵਿਚ ਫਿਰ ਸ਼ੈਤਾਨ ਨੇ ਸਿਰ ਚੁਕਿਆ, ਕਿ ਉਹ ਅੱਠਾਂ ਕੁ ਵਰ੍ਹਿਆਂ ਦੇ ਬਾਲਕ, ਗੁਰੂ ਹਰਿਕ੍ਰਿਸ਼ਨ ਨੂੰ ਕਿਉਂ ਨਾ ਮਲੀਆਮੇਟ ਕਰ ਕੇ ਰਖ ਦੇਵੇ, ਤਾਂ ਜੋ ਸਿੱਖ ਧਰਮ ਦੀ ਸ਼ਮ੍ਹਾਂ ਹਮੇਸ਼ਾਂ ਹਮੇਸ਼ਾਂ ਲਈ ਬੁਝ ਕੇ ਰਹਿ ਜਾਏ। ਆਖ਼ਰ, ਦਾਰੁਲ-ਇਸਲਾਮ ਵਿਚ ਸਿੱਖ ਧਰਮ ਵੀ ਕਿਵੇਂ ਜ਼ਿੰਦਾ ਰਹਿ ਸਕਦਾ ਹੈ ? ਸੋ ਉਸ ਆਪਣੇ ਇਸ ਨਾਪਾਕ ਇਰਾਦੇ ਨੂੰ ਪੂਰਾ ਕਰਨ ਲਈ ਮਿਰਜ਼ਾ ਜੈ ਸਿੰਘ ਨਾਲ ਸਲਾਹ ਮਸ਼ਵਰਾ ਕੀਤਾ, ਅਤੇ ਆਪਣੀ ਪੁਰਾਣੀ ਰਟ ਦੁਹਰਾਈ, ਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਅਤੇ ਆਪਣੀ ਅਖੀਂ ਉਹਨਾਂ ਦੀ ਅਜ਼ਮਤ ਦਾ ਪਰਤਾਵਾ ਵੀ ਲੈਣਾ ਚਾਹੁੰਦਾ ਹੈ। ਸੋ ਖ਼ੁਸ਼ਾਮਦੀ ਤੇ ਰਾਜ-ਹਵਸ ਦੇ ਗੋਲੇ, ਰਾਜਾ ਜੈ ਸਿੰਘ ਨੇ, ਔਰੰਗਜ਼ੇਬ ਦੀ ਹਾਂ ਵਿਚ ਹਾਂ ਮਿਲਾਈ, ਤੇ ਦੀਵਾਨ ਪਰਸ ਰਾਮ ਨੂੰ ਕੀਰਤਪੁਰ ਸਾਹਿਬ ਭੇਜਿਆ, ਤਾਂ ਜੋ ਉਹ ਗੁਰੂ ਹਰਿਕ੍ਰਿਸ਼ਨ ਮਹਾਰਾਜ ਨੂੰ ਦਿਲੀ ਆਉਣ ਲਈ ਮਨਾ ਲਿਆਵੇ। ਦੀਵਾਨ ਪਰਸ ਰਾਮ ਨੇ ਨਿੰਮ੍ਰਤਾ ਦਾ ਢੌਂਗ ਰਚ ਕੇ, ਔਰੰਗਜ਼ੇਬ ਬਾਦਸ਼ਾਹ ਦੀ ਇੱਛਾ ਦਾ ਪ੍ਰਗਟਾਵਾ ਕੀਤਾ, ਜਿਸ ਤੇ ਅਠਵੇਂ ਪਾਤਸ਼ਾਹ ਨੇ ਤੁਰੰਤ ਉੱਤਰ ਦਿੱਤਾ ਕਿ ਉਹ ਪਿਤਾ ਗੁਰਦੇਵ, ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਹੁਕਮ ਤੇ ਅਟੱਲ ਹਨ, ਅਤੇ ਉਹ 'ਮਲੇਛ' ਨੂੰ ਦਰਸ਼ਨ ਨਹੀਂ ਦੇਣਗੇ, ਅਤੇ ਨਾ ਹੀ ਉਸ ਦੇ ਦਰਸ਼ਨ ਕਰਨਗੇ। ਪਰਸ ਰਾਮ ਨੇ ਵੀ ਮੌਕਾ ਸੰਭਾਲਿਆ ਤੇ ਸਤਿਗੁਰੂ ਜੀ ਦੀ ਹਾਂ ਵਿਚ ਹਾਂ ਮਿਲਾਈ ਤੇ ਨਾਲ ਹੀ ਬੇਨਤੀ ਕੀਤੀ :

"ਆਪ ਬੇਸ਼ੱਕ, ਬਾਦਸ਼ਾਹ ਨੂੰ ਦੀਦਾਰ ਨਾ ਦੇਣਾ, ਪਰੰਤੂ ਦਿੱਲੀ ਤਾਂ ਤਸ਼ਰੀਫ਼ ਲਿਆਵੋ, ਦਿਲੀ ਦੇ ਲੋਕ ਆਪ ਦੇ ਦਰਸ਼ਨਾਂ ਨੂੰ ਤਰਸ ਰਹੇ ਹਨ।"

...ਅੰਤ ਘਟ ਘਟ ਦੀ ਜਾਣਨਹਾਰ ਅਤੇ ਵਾਹਿਗੁਰੂ ਦੇ ਭਾਣੇ ਨੂੰ ਜਾਣਨ ਵਾਲੇ ਅਠਵੇਂ ਹਜ਼ੂਰ ਨੇ ਦਿਲੀ ਜਾਣ ਲਈ ਆਪਣੀ ਰਜ਼ਾਮੰਦੀ ਦੇ ਦਿਤੀ। ਤੇ ਫਿਰ ਆਪ, ਆਪਣੇ ਸਿੱਖਾਂ ਸੇਵਕਾਂ, ੨੨੦੦ ਘੋੜ ਅਸਵਾਰਾਂ ਤੇ ਆਪਣੇ ਵੱਡ-ਭਾਗੀ ਮਾਤਾ ਜੀ ਨਾਲ, ਕੀਰਤਪੁਰ ਤੋਂ ਦਿਲੀ ਵਲ ਚਲ ਪਏ। ਰਾਹ ਵਿਚ ਟਿਕਾਓ ਵੀ ਆਪ ਨੇ ਕਈ ਥਾਂ ਤੇ ਕੀਤਾ ਅਤੇ ਹੁੰਮ ਹੁੰਮਾ ਕੇ ਦਰਸ਼ਨਾਂ ਨੂੰ ਆਈਆਂ ਸੰਗਤਾਂ ਨੂੰ ਦਰਸ਼ਨ ਦੇ ਕੇ, ਨਾਮ ਦਾਨ ਬਖ਼ਸ਼ ਕੇ ਨਿਹਾਲ ਵੀ ਕੀਤਾ।

.....ਕਈ ਔਰੰਗਜ਼ੇਬ ਜਿਹੇ ਮੰਦ-ਭਾਗੇ ਲੋਕਾਂ ਦੇ ਮਨਾਂ ਵਿਚ ਵਾਰ ਵਾਰ ਇਹ ਸ਼ੰਕੇ ਸਿਰ ਚੁੱਕਦੇ ਰਹੇ ਕਿ ਅੱਠਾਂ ਕੁ ਵਰ੍ਹਿਆਂ ਦੇ ਬਾਲਕ, ਕੀ ਗੁਰਿਆਈ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਣਗੇ ? ਤੇ ਇੰਜ ਹਜ਼ੂਰ ਇਕ ਭਾਰੀ ਜਲੂਸ ਦੀ ਸ਼ਕਲ ਵਿਚ ਜਦੋਂ 'ਪੰਜੋਖਰੇ' ਦੇ ਅਸਥਾਨ ਤੇ ਪੁਜੇ, ਤਾਂ ਇਕ ਮਹਾਨ ਵਿਦਵਾਨ ਪੰਡਤ ਲਾਲ ਚੰਦ ਦੇ ਮਨ ਵਿਚ ਵੀ ਅਜਿਹੇ ਸ਼ੰਕੇ ਨੇ ਜਨਮ ਲਿਆ, ਕਿ 'ਵੇਖੋ, ਨਾਂ ਤਾਂ 'ਕ੍ਰਿਸ਼ਨ' ਦੇ ਨਾਂ ਤੇ ਧਰਾ ਰਖਿਆ ਨੇ, ਸੋਲ੍ਹਾਂ ਕਲਾਂ ਸੰਪੂਰਨ ਕ੍ਰਿਸ਼ਨ ਦੇ ਨਾਂ ਤੇ, ਤੇ ਨਾਲ ਹੀ ਗੁਰੂ ਅਖਵਾ ਰਹੇ ਹਨ, ਪਰ ਉਹ ਤਾਂ ਗੁਰੂ ਹਰਿਕ੍ਰਿਸ਼ਨ ਨੂੰ ਗੁਰੂ ਤਾਂ ਹੀ ਮੰਨੇਗਾ, ਜੇ ਉਹ ਗੀਤਾ ਦੇ ਸਲੋਕਾਂ ਦੇ ਅਰਥ ਸੁਣਾ ਦੇਣ।' ਇਹ ਵਿਚਾਰ ਕਰ ਕੇ, ਪੰਡਤ ਲਾਲ ਚੰਦ, ਹਜ਼ੂਰ ਦੇ ਦਰਬਾਰ ਵਿਚ ਆਇਆ, ਬਿਨਾਂ ਸਿਰ ਝੁਕਾਏ ਹੀ ਉਸ ਹੰਕਾਰੀ ਤੇ ਘੁਮੰਡੀ ਪੰਡਤ ਨੇ ਗੁਰੂ ਹਰਿਕ੍ਰਿਸ਼ਨ,..... ਸਹਿਜਤਾ ਤੇ ਗੰਭੀਰਤਾ ਦੀ ਮੂਰਤ ਨੂੰ ਕਿਹਾ :-

"ਆਪ ਹਰਿਕ੍ਰਿਸ਼ਨ ਅਖਵਾਂਦੇ ਓ, ਜ਼ਰਾ 'ਗੀਤਾ' ਦੇ ਸਲੋਕਾਂ ਦੇ ਅਰਥ ਤਾਂ ਸਮਝਾ ਦਿਉ।"

....ਮਨਸ਼ਾ ਪੰਡਤ ਦਾ ਇਹ ਸੀ, ਕਿ 'ਗੀਤਾ' ਦੇ ਸਲੋਕਾਂ ਦੇ ਅਰਥ, ਇਹ ਇਸ ਬਾਲੜੀ ਉਮਰੇ ਕੀ ਕਰਨਗੇ ? ਤੇ ਜੇ ਇਹਨਾਂ ਅਰਥ ਨਾ ਸੁਣਾਏ, ਤਾਂ ਇਹਨਾਂ ਦੀ ਪ੍ਰਤਿਭਾ ਨੂੰ ਭਾਰੀ ਨੁਕਸਾਨ ਪੁਜੇਗਾ। ਪਰੰਤੂ ਗੁਰੂ ਹਰਿਕ੍ਰਿਸ਼ਨ ਮਹਾਰਾਜ ਤਾਂ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਸਨ, ਗੁਰੂ ਘਰ ਦੀ ਅਜ਼ਮਤ ਤੇ ਵੱਕਾਰ ਦੇ ਉਹ ਰਖਵਾਲੇ ਸਨ। ਆਪ ਨੇ ਸਹਿਜ ਅਵੱਸਥਾ ਵਿਚ ਹੀ ਫ਼ੁਰਮਾਇਆ :-

'ਪੰਡਤ ਜੀ, ਜੇ ਅਸਾਂ 'ਗੀਤਾ' ਦੇ ਅਰਥ ਸੁਣਾਏ, ਤਾਂ ਸ਼ੰਕਾ ਤਾਂ ਆਪ ਦਾ ਫਿਰ ਵੀ ਨਿਵਿਰਤ ਨਹੀਂ ਹੋਣਾ। ਇਸ ਲਈ, ਪਿੰਡ ਚੋਂ ਤੁਸੀਂ ਕਿਸੇ ਹੋਰ ਸਜਣ ਨੂੰ ਲੈ ਆਓ, ਤਾਂ ਜੋ ਤੁਹਾਡੇ ਦਿਲ ਦਾ ਭਰਮ ਦੂਰ ਕੀਤਾ ਜਾ ਸਕੇ।'

...ਪੰਡਤ ਖ਼ੁਸ਼ ਹੋ ਗਿਆ। ਉਹ ਦੌੜਿਆ ਦੌੜਿਆ ਗਿਆ ਅਤੇ ਪਿੰਡ ਦੇ ਇਕ ਝੀਊਰ 'ਛੱਜੂ' ਨੂੰ, ਜੋ ਗੁੰਗਾ ਸੀ, ਆਪਣੇ ਨਾਲ ਲੈ ਕੇ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ। 'ਛੱਜੂ' ਨੇ ਹਜ਼ੂਰ ਦੇ ਚਰਨਾਂ ਤੇ ਮਥਾ ਟੇਕਿਆ, ਆਪ ਦੇ ਦਰਸ਼ਨ ਕੀਤੇ। ਹਜ਼ੂਰ ਨੇ ਛੱਜੂ ਦੇ ਨੇਤਰਾਂ ਵਿਚ ਤਕਿਆ,



www.AKJ.Org

ਬ੍ਰਹਿਮੰਡ ਦੇ ਗਿਆਨ ਦੇ ਸੋਮੇ, ਛੱਜੂ ਦੇ ਦਿਮਾਗ਼ ਚੋਂ ਫੁੱਟ ਨਿਕਲੇ। ਗੁਰੂ ਨਾਨਕ ਪਾਤਸ਼ਾਹ ਦਾ ਨਾਂ ਲੈ ਕੇ, ਹਜ਼ੂਰ ਨੇ ਆਪਣੀ ਛੜੀ 'ਛੱਜੂ, ਦੇ ਸਿਰ ਤੇ ਰਖੀ, ਜਾਨੀ ਛੜੀ ਦੁਆਰਾ ਗੁਰੂ ਨਾਨਕ ਦੇ ਦਰ ਘਰ ਦੀਆਂ ਰਹਿਮਤਾਂ ਦੇ ਭੰਡਾਰ ਉਸ ਉਤੇ ਖੋਹਲ ਦਿਤੇ, ਤੇ ਫਿਰ ਗੁੰਗੇ 'ਛੱਜੂ' ਗ਼ਰੀਬ ਦੀ ਜ਼ਬਾਨ ਨੇ ਉਗਲਿਆ :-

'ਦਸੋ ਪੰਡਤ ਜੀ, ਕਿਸ ਅਧਿਆਏ ਦੇ ਅਰਥ ਸੁਣਾਵਾਂ ?'

.....ਤੇ ਇੰਜ ਪੰਡਤ, ਹੈਰਾਨ ਹੋ ਗਿਆ। ਆਪਣੀ ਵਿਦੱਵਤਾ ਦੇ ਉਸ ਦੇ ਸਾਰੇ ਭਰਮ ਚਕਨਾ-ਚੂਰ ਹੋ ਕੇ ਰਹਿ ਗਏ। ਉਹਦੇ ਮਨ ਵਿਚ ਵੀ ਸਹਿਜ-ਅਵੱਸਥਾ ਨੇ ਪ੍ਰਵੇਸ਼ ਕੀਤਾ, ਤੇ ਉਸਨੇ ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਦੇ ਚਰਨ ਫੜ ਲਏ, ਸਿੱਖ ਬਣਿਆ, ਤੇ ਇਉਂ ਆਪਣਾ ਜਨਮ ਸੁਹੇਲਾ ਕਰ ਲਿਆ।

.....ਕੋਈ ਡੇਢ ਕੁ ਮਹੀਨੇ ਪਿਛੋਂ ਗੁਰੂ ਹਰਿਕ੍ਰਿਸ਼ਨ ਮਹਾਰਾਜ ਦਿਲੀ ਪਧਾਰੇ। ਮਿਰਜ਼ਾ ਜੈ ਸਿੰਘ, ਦਿਲੀ ਦੇ ਆਮ ਲੋਕਾਂ ਨਾਲ, ਹਜ਼ੂਰ ਦੇ ਸਵਾਗਤ ਲਈ ਪੁਜਿਆ, ਤੇ ਫਿਰ ਉਹ ਗੁਰੂ ਮਹਾਰਾਜ ਨੂੰ ਆਪਣੇ ਬੰਗਲੇ ਤੇ ਹੀ ਲੈ ਆਇਆ। ਰੋਜ਼ ਬਰੋਜ਼, ਸਵੇਰ ਸ਼ਾਮ, ਦੀਵਾਨ ਸੱਜਦੇ, ਦਿਲੀ ਦੀਆਂ ਸੰਗਤਾਂ ਦਰਸ਼ਨ ਪਰਸ ਕੇ, ਨਾਮ ਦਾਨ ਦੇ ਵਰਦਾਨ ਲੈਂਦੀਆਂ, ਜਨਮਾਂ ਜਨਮਾਂਤਰਾਂ ਦੀ ਮੈਲ ਧੋਂਦੀਆਂ, ਤੇ ਚਵੀਂ ਪਾਸੀਂ, ਗੁਰੂ ਹਰਿਕ੍ਰਿਸ਼ਨ ਮਹਾਰਾਜ ਦੀ ਮਹਿਮਾ ਕਰਦੀਆਂ ਨਹੀਂ ਸਨ ਥਕਦੀਆਂ ਪਰ ਰਾਜਾ ਜੈ ਸਿੰਘ, ਔਰੰਗਜ਼ੇਬ ਦੇ ਇਸ਼ਾਰੇ ਤੇ ਹੀ ਨੱਚਦਾ ਰਿਹਾ। ਉਸ ਬਥੇਰੀ ਕੋਸ਼ਿਸ਼ ਕੀਤੀ ਕਿ ਮਹਾਰਾਜ, ਔਰੰਗਜ਼ੇਬ ਨੂੰ ਦਰਸ਼ਨ ਦੇਣਾ ਮੰਨ ਜਾਣ, ਪਰੰਤੂ ਗੁਰੂ ਹਰਿਕ੍ਰਿਸ਼ਨ ਮਹਾਰਾਜ ਦੀ ਦ੍ਰਿੜ੍ਹਤਾ ਨੂੰ ਵੇਖ ਕੇ ਉਹ ਵੀ ਦੰਗ ਹੀ ਰਹਿ ਗਿਆ ਤੇ ਮੂੰਹ ਲਟਕਾ ਕੇ, ਔਰੰਗਜ਼ੇਬ ਨੂੰ ਆਪਣੀ ਅਸਫੱਲਤਾ ਦੀ ਸਾਰੀ ਕਹਾਣੀ ਬਿਆਨ ਕਰ ਦਿਤੀ। ਪਰ ਔਰੰਗਜ਼ੇਬ ਤਾਂ ਹਰ ਹਾਲਤ ਵਿਚ, ਗੁਰੂ ਹਰਿਕ੍ਰਿਸ਼ਨ ਪਾਤਸ਼ਾਹ ਜੀ ਦੀ ਅਜ਼ਮਤ ਨੂੰ ਘਟਾਉਣਾ ਤੇ ਗੁਰੂ ਨਾਨਕ ਦੇ ਦਰ ਘਰ ਨੂੰ ਨੀਚਾ ਦਿਖਾਉਣਾ ਚਾਹੁੰਦਾ ਸੀ, ਉਸ ਦਰਬਾਰ ਨੂੰ, ਜੋ ਨੀਵਿਆਂ ਨੂੰ ਉਚਿਆਂ ਕਰਨ ਵਾਲਾ ਹੈ, ਤੇ ਜੋ ਕੀੜੀਆਂ ਨੂੰ ਬਾਦਸ਼ਾਹੀਆਂ ਬਖ਼ਸ਼ਣ ਵਾਲਾ ਹੈ। ਪਰੰਤੂ ਰਾਜਾ ਜੈ ਸਿੰਘ ਨੇ ਔਰੰਗਜ਼ੇਬ ਦੀਆਂ ਤਾਲਾਂ ਤੇ ਨੱਚਣਾ ਮਨਜ਼ੂਰ ਕਰ ਲਿਆ ਅਤੇ ਆਪਣੀ ਪਟਰਾਣੀ ਨੂੰ ਗੋਲੀ ਦੇ ਕੱਪੜੇ ਪੁਆ ਕੇ ਪੇਸ਼ ਕੀਤਾ, ਤੇ ਗੁਰੂ ਪਾਤਸ਼ਾਹ ਦਾ ਪਰਤਾਵਾ ਲਿਆ। ਗੁਰੂ ਪਾਤਸ਼ਾਹ ਨੇ 'ਪਟਰਾਣੀ' ਨੂੰ ਪਛਾਣਦਿਆਂ ਹੋਇਆਂ, ਮਿਰਜ਼ਾ ਜੈ ਸਿੰਘ ਦੀਆਂ ਮੰਦ-ਭਾਵਨਾ ਤੇ ਕਿੰਤੂ ਕੀਤਾ, ਤੇ ਨਾਰਾਜ਼ਗੀ ਵੀ ਪ੍ਰਗਟਾਈ।

...ਫਿਰ ਰੱਬ ਦੀ ਕਰਨੀ, ਕਿ ਦਿਲੀ ਸ਼ਹਿਰ ਵਿਚ ਵਬਾ ਫੈਲ ਗਈ , ਸਾਰੇ ਸ਼ਹਿਰ ਵਿਚ ਹਾ-ਹਾਕਾਰ ਮੱਚ ਗਈ ਤੇ ਲੋਕ ਧੱੜਾ-ਧੱੜ ਮਰਨੇ ਸ਼ੁਰੂ ਹੋ ਗਏ। ਦਿਲੀ ਸ਼ਹਿਰ ਦੇ ਲੋਕਾਂ ਦੀ ਭੀੜ, ਮਿਰਜ਼ਾ ਜੈ ਸਿੰਘ ਦੇ ਬੰਗਲੇ ਤੇ ਜੁੜਨੀ ਸ਼ੁਰੂ ਹੋ ਗਈ, ਜਿਥੇ ਸਤਿਗੁਰੂ ਜੀ ਕਯਾਮ ਕਰੀ ਬੈਠੇ ਸਨ। ਦੁੱਖੀਆਂ ਤੇ ਮਰੀਜ਼ਾਂ ਦੀਆਂ ਪੁਕਾਰਾਂ ਸੁਣ ਕੇ ਸਤਿਗੁਰੂ ਹਰਿਕ੍ਰਿਸ਼ਨ ਮਹਾਰਾਜ ਦਾ ਕੋਮਲ ਮਨ ਪਸੀਜ ਗਿਆ, ਤੇ ਫਿਰ ਉਹਨਾਂ ਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਰਹਿਮਤਾਂ ਦੇ ਅਤੁੱਟ ਭੰਡਾਰੇ ਸ਼ਰਧਾਲੂਆਂ ਤੇ ਖੋਲ੍ਹ ਦਿਤੇ। ਜੋ ਪੀੜਤ ਇਨਸਾਨ ਵੀ ਗੁਰੂ ਜੀ ਦੇ ਦਰਸ਼ਨ ਕਰਦਾ, ਉਹਨਾਂ ਦੀ ਚਰਨਾਮਿਤ ਪ੍ਰਾਪਤ ਕਰਦਾ, ਉਸ ਦੇ ਹਰ ਤਰ੍ਹਾਂ ਦੇ ਸਰੀਰਕ ਰੋਗਾਂ ਦੇ ਨਾਲ ਨਾਲ, ਮਾਨਸਿਕ ਰੋਗ ਵੀ ਜਾਂਦੇ ਰਹਿੰਦੇ। ਤੇ ਇੰਜ ਸਾਰੇ ਸ਼ਹਿਰ ਤੇ ਆਸ ਪਾਸ ਦੇ ਸਮੂਹ ਪਿੰਡਾਂ ਵਿਚ ਗੁਰੂ-ਵਡਿਆਈ ਦੀਆਂ ਧੁੰਮਾਂ ਪੈ ਗਈਆਂ। ਸਤਿਗੁਰੂ ਜੀ ਨੇ ਭੀੜ ਵਧਦੀ ਵੇਖ ਕੇ, ਆਪਣੇ ਚਰਨ ਇਕ ਚੁੱਬੱਚੇ ਵਿਚ ਧੋਤੇ, ਤੇ ਇੰਜ ਸ਼ਰਧਾਲੂ ਸੰਗਤਾਂ ਨੂੰ ਚਰਨਾਮਿਤ ਪ੍ਰਾਪਤ ਕਰਨਾ ਕੁਝ ਆਸਾਨ ਹੋ ਗਿਆ। ਉਹ ਚਰਨਾਮਿਤ ਪ੍ਰਾਪਤ ਕਰਦੇ, ਅਤੇ 'ਧੰਨ ਗੁਰੂ ਹਰਿਕ੍ਰਿਸ਼ਨ ਮਹਾਰਾਜ' ਦਾ ਉਚਾਰਨ ਕਰਦੇ ਹੋਏ, ਆਪਣਾ ਜਨਮ ਸੁਹੇਲਾ ਕਰਦੇ ਜਾਂਦੇ।

.....ਪਰੰਤੂ ਗੁਰੂ ਘਰ ਦੀ ਵਡਿਆਈ ਤੇ ਸ਼ੋਭਾ ਤੁਨੇ ਆਲਮਗੀਰ ਬਾਦਸ਼ਾਹ ਨੂੰ ਜ਼ਰਾ ਨਹੀਂ ਸੀ ਭਾਉਂਦੀ। ਉਸ ਬਥੇਰੀ ਕੋਸ਼ਿਸ਼ ਕੀਤੀ ਗੁਰੂ ਪਾਤਸ਼ਾਹ ਨੂੰ ਮਿਲਣ ਦੀ.....। ਇਕ ਘੜੀ, ਉਹ ਬੰਗਲਾ ਸਾਹਿਬ ਵਾਲੇ ਅਸਥਾਨ ਤੇ ਆ ਕੇ ਖੜ੍ਹਾ ਵੀ ਰਿਹਾ, ਪਰ ਸੱਚੇ ਪਾਤਸ਼ਾਹ ਨੇ ਭਾਈ ਦਰਗਾਹ ਮਲ ਨੂੰ ਹੁਕਮ ਦੇ ਕੇ ਕਵਾੜ ਬੰਦ ਕਰਵਾ ਦਿਤੇ।

....ਦਿਨ ਬਦਿਨ੍ਹ ਔਰੰਗਜ਼ੇਬ ਅਤੇ ਮਿਰਜ਼ਾ ਜੈ ਸਿੰਘ ਵਲੋਂ ਰਚੀਆਂ ਸਾਜ਼ਿਸ਼ਾਂ ਕਾਰਨ ਅਖੀਰ ਆਪ ਨੇ ਜੈ ਸਿੰਘ ਦੇ ਬੰਗਲੇ ਦਾ ਤਿਆਗ ਕਰ ਦਿੱਤਾ, ਅਤੇ ਅਜਮੇਰੀ ਗੇਟ ਦੇ ਨੇੜੇ ਗਲੀ, 'ਦਿੱਲ ਵਾਲੀ' ਵਿਚ ਸਥਿਤ ਭਾਈ 'ਕਲਿਆਣੇ' ਦੀ ਸਰਾਂ ਵਿਚ ਆ ਗਏ ! ਇਥੇ ਵੀ ਆਤਮਿਕ ਪਿਆਸ ਬੁਝਾਉਣ ਦੇ ਮੁਤਲਾਸ਼ੀ, ਚਕੋਰਾਂ ਵਾਂਗ ਇੱਕਤਰ ਹੋਣੇ ਸ਼ੁਰੂ ਹੋ ਗਏ। ਗੁਰੂ ਮਹਾਰਾਜ ਨੇ, ਸ਼ਹਿਰ ਵਿਚ ਆ ਕੇ, ਗਲੀਆਂ ਕੂਚਿਆਂ ਤੇ ਮੁਹੱਲਿਆਂ ਵਿਚ ਫਿਰ ਤੁਰ ਕੇ, ਆਪਣੇ ਗੁਰਸਿੱਖਾਂ ਦੀ ਸਹਾਇਤਾ ਨਾਲ, ਅਵਾਮ ਦੀ ਸੇਵਾ ਵਿਚ ਦਿਨ ਰਾਤ ਇੱਕ ਕਰ



www.AKJ.Org

ਦਿਤਾ। ਕੇਵਲ ਅੱਠਾਂ ਕੁ ਸਾਲਾਂ ਦੀ ਆਯੂ ਵਿਚ ਹੀ ਪਰਮ ਧਾਮ ਪਿਆਨਾ ਕਰਨ ਦੀ ਤਿਆਰੀ ਵਜੋਂ ਸਮੁੱਚੇ ਸ਼ਹਿਰ ਦੀ ਬੀਮਾਰੀ, ਆਪਣੇ ਉਪਰ ਲੈ ਕੇ ੩੦ ਮਾਰਚ, ੧੬੬੪ ਈ: ਦੀ ਅੱਧੀ ਰਾਤ ਪਿਛੋਂ ਆਪ ਜੋਤੀ ਜੋਤ ਸਮਾ ਗਏ। ਮਹਾਨ ਗੁਰਬਾਣੀ ਦੇ ਮਹਾਂਵਾਕ ਅਨੁਸਾਰ:-

**"ਜਿਉ ਜਲ ਮਹਿ ਜਲੁ ਆਇ ਖਟਾਨਾ।।**
**ਤਿਉ ਜੋਤੀ ਸੰਗਿ ਜੋਤਿ ਸਮਾਨਾ।।"**

.....ਗੁਰਸਿੱਖਾਂ ਦੇ ਹਿਰਦੇ ਰੁਦਨ ਕਰ ਰਹੇ ਸਨ। ਹਜ਼ੂਰੀ ਸਿੱਖਾਂ ਨੇ ਪੁਛਿਆ, "ਹਜ਼ੂਰ, ਇਸ ਗੁਰਗੱਦੀ ਦਾ ਅਗਲਾ ਵਾਰਸ ਕੌਣ ਹੋਵੇਗਾ ?"

ਤਾਂ ਹਜ਼ੂਰ ਨੇ ਫਰਮਾਇਆ, "**ਬਾਬਾ ਬਸਹਿ ਜਿ ਗ੍ਰਾਮ ਬਕਾਲੇ।**"

....ਤੇ ਜੁੜੀਆਂ ਸੰਗਤਾਂ ਨੂੰ ਅੰਤਮ ਉਪਦੇਸ਼ ਦੇਂਦਿਆਂ ਹੋਇਆਂ ਆਪ ਨੇ ਫੁਰਮਾਇਆ ਸੀ:-

**"ਹਮ ਕੋ ਬਾਤ ਕਹਿਨ ਕੋ ਚਾਹਹਿ।**
**ਪਠਹਿ ਸੁਨਹਿ ਗੁਰ ਗ੍ਰੰਥ ਉਪਾਹਿਹ।**
**ਤਿਸ ਮਹਿ ਕਹਥੇ ਜੁ ਕਹਹਿ ਕਮਾਵਨਿ।**
**ਚਾਰ ਪਦਾਰਥ ਲੈ ਮਨ ਭਾਵਨ।"**

......ਤੇ ਆਪ ਨੇ ਇਹ ਸਾਬਤ ਕਰ ਦਿਤਾ, ਕਿ ਗੁਰਗੱਦੀ ਉਮਰਾਂ ਦੀ ਮੁਥਾਜ ਨਹੀਂ ਹੈ। ਜਿੰਨ੍ਹਾਂ ਨੇ ਗੁਰੂ ਹਰਕ੍ਰਿਸ਼ਨ ਮਹਾਰਾਜ ਨੂੰ ਗੁਰੂ ਨਾਨਕ ਸਰੂਪ ਕਰਕੇ ਜਾਣਿਆਂ, ਤੇ ਧਿਆਇਆ, ਉਹਨਾਂ ਦੇ ਸਰੀਰਕ ਤੇ ਮਾਨਸਿਕ ਰੋਗ ਹਮੇਸ਼ਾਂ ਹਮੇਸ਼ਾਂ ਲਈ ਕਟੇ ਗਏ, ਇਸ ਦੀ ਪ੍ਰਤੱਖ ਵਜੋਂ ਦਸਮ ਪਾਤਸ਼ਾਹ ਜੀ ਦਾ ਫੁਰਮਾਨ ਬੜਾ ਸਪਸ਼ਟ ਹੈ:-

**"ਸ੍ਰੀ ਹਰਿਕ੍ਰਿਸ਼ਨ ਧਿਆਈਐ**
**ਜਿਸੁ ਡਿਠੈ ਸਭ ਦੁਖਿ ਜਾਇ।"**

.....ਤੇ ਉਹ ਸ਼ਰਧਾਵਾਨ ਲੋਕ ਭਵਜਲ ਤੋਂ ਵੀ ਪਾਰ ਹੋ ਗਏ। ਉਹਨਾਂ ਦੇ ਜੀਵ ਆਤਮਾ, ਨਿਰੰਕਾਰ ਦੇ ਚਰਨਾਂ ਵਿਚ ਸਦੀਵੀ ਕਾਲ ਲਈ ਜਾ ਬਿਰਾਜੇ। ਪਰੰਤੂ ਔਰੰਗਜ਼ੇਬ, ਮਿਰਜ਼ਾ ਜੈ ਸਿੰਘ, ਅਤੇ ਗੁਰੂ ਘਰ ਨਾਲ ਈਰਖਾ ਤੇ ਦਵੈਤ ਰੱਖਣ ਵਾਲੇ, ਸਾਜ਼ਿਸ਼ਾਂ ਕਰਨ ਵਾਲੇ, ਹੰਕਾਰੀ, ਚਾਲ-ਬਾਜ਼ ਤੇ ਗੁਰੂ ਘਰ ਤੇ [illegible] ਕਰਨ ਵਾਲੇ ਲੋਕ, ਖਾਲੀ ਦੇ ਖਾਲੀ ਹੀ ਰਹਿ ਗਏ, ਤੇ ਨਰਕਾਂ ਦੇ ਭਾਗੀ ਜਾ ਬਣੇ। ਅਜਿਹੇ ਮਨੋ-ਬਿਰਤੀ ਵਾਲੇ ਲੋਕ ਗੰਗਾ ਦੇ ਕੰਢੇ ਤੇ ਬਹਿ ਕੇ ਵੀ ਪਿਆਸੇ ਦੇ ਪਿਆਸੇ ਹੀ ਰਹਿ ਗਏ, ਤੇ ਇਕ ਵਾਰੀ ਫੇਰ ਔਰੰਗਜ਼ੇਬ ਦੇ ਮਨ ਦੀਆਂ ਇਛਾਵਾਂ, ਮਨ ਵਿਚ ਹੀ ਰਹਿ ਗਈਆਂ, [illegible] ਮਹਾਰਾਜ ਜੀ ਦੇ ਦਰਸ਼ਨਾਂ ਤੋਂ [illegible] ਹੀ ਰਹਿ ਗਿਆ। .......

ਪੰਨਾ ੮ ਦਾ ਬਾਕੀ....

ਹੋ ਜਾਂਦੇ। ਦਿੱਲੀ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਹਰਿਗੋਬਿੰਦ ਜੀ, ਗੁਰੂ ਤੇਗ਼ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਤਿਹਾਸਕ ਯਾਦਾਂ ਵੀ ਹਨ, ਪਰ ਜੋ ਜਸ, ਮਹਿਮਾ ਤੇ ਪ੍ਰਭਾਵ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਯਾਦ ਵਿਚ ਸਥਿਤ 'ਗੁਰਦੁਆਰਾ ਬੰਗਲਾ ਸਾਹਿਬ' ਦਾ ਹੈ, ਉਸ ਦਾ ਆਪਣਾ ਹੀ ਇਤਿਹਾਸਕ ਮਹੱਤਵ ਹੈ। ਇਹ ਗੁਰਦੁਆਰਾ ਬੰਗਲਾ ਸਾਹਿਬ ਦਾ ਸਥਾਨ ਹੀ ਹੈ, ਜਿਥੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ-ਦੀਦਾਰ ਵੀ ਦਿੱਤੇ, ਗੁਰੂ-ਬਾਣੀ ਉਪਦੇਸ਼ ਸੁਣਾ ਸੁਣਾ ਕੇ ਲੋਕਾਂ ਨੂੰ ਸੁੱਖ, ਸ਼ਾਂਤੀ ਤੇ ਸਹਿਜ ਵੀ ਪ੍ਰਦਾਨ ਕੀਤਾ, ਅੰਮ੍ਰਿਤ ਜਲ ਪਿਲਾ-ਪਿਲਾ 'ਸਭਿ ਦੁਖਾਂ' ਤੋਂ ਮੁਕਤ ਵੀ ਕੀਤਾ।

ਇਤਿਹਾਸਕਾਰ ਸਾਖੀ ਹਨ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਇੰਨਾਂ ਪ੍ਰਭਾਵ ਵਧਿਆ ਕਿ ਰਾਜ-ਸੱਤਾ ਦਾ ਮੁੱਖ ਅਧਿਕਾਰੀ 'ਔਰੰਗਾ' ਵੀ ਇਕ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਤੇ ਮੇਲ-ਮੁਲਾਕਾਤ ਲਈ ਗੁਰਦੁਆਰਾ ਬੰਗਲਾ ਸਾਹਿਬ ਦੀ ਦਹਿਲੀਜ਼ ਉਤੇ ਅੱਧੀ ਘੜੀ ਖੜ੍ਹਾ ਰਿਹਾ ਪਰ ਗੁਰੂ-ਪਾਤਿਸ਼ਾਹ ਨੇ ਧਰਮ-ਦੋਖੀ ਹੋਣ ਕਰ ਕੇ ਦਰਸ਼ਨ ਦੇਣ ਤੇ ਮੁਲਾਕਾਤ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਨੇ ਭਾਵੇਂ ਕਈ ਯਤਨ ਕੀਤੇ, ਪਰ ਇਹ ਸਪਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਗੁਰੂ-ਪ੍ਰੰਪਰਾ ਅਨੁਸਾਰ ਰਾਜ-ਸੱਤਾ ਦੇ ਅਧਿਕਾਰੀਆਂ ਨਾਲ ਕੋਈ ਸਾਂਝ-ਸਮਝੌਤਾ ਨਾ ਕੀਤਾ। ੩੦ ਮਾਰਚ, ੧੬੬੪ ਈ: ਵਿਚ ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਆਪਣਾ ਸਰੀਰਕ-ਕਾਲ ਨੇੜੇ ਜਾਤਾ, ਤਾਂ ਦਿੱਲੀ ਤੋਂ ਹੀ ਉਨ੍ਹਾਂ ਨੇ 'ਬਾਬਾ ਬਕਾਲਾ' ਦਾ ਸੰਕੇਤ ਦੇ ਕੇ, ਗੁਰੂ-ਸਿੰਘਾਸਣ ਦੇ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਚੋਣ ਕੀਤੀ ਸੀ। ਗੁਰੂ-ਸਿੰਘਾਸਣ ਲਈ ਗੁਰੂ ਤੇਗ ਬਹਾਦਰ ਜੀ ਦੀ ਚੋਣ ਨਿਸਚੇ ਹੀ ਸਰਬ ਪੱਖੋਂ ਯੋਗ ਵੀ ਸੀ। ਗੁਰੂ-ਪ੍ਰੰਪਰਾ ਤੇ ਸਿੱਖ ਲਹਿਰ ਨੂੰ ਯੋਗ, ਲਾਇਕ ਤੇ ਸਮਰਥ 'ਗੁਰੂ-ਆਗੂ' ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਪ੍ਰਦਾਨ ਕਰਨਾ, ਇਹ ਅਸ਼ਟਮ ਬਲਬੀਰਾ-ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰੰਪਰਾਗਤ ਰੂਪ ਵਿਚ ਬਿਬੇਕ ਬੁਧਿ ਵਾਲਾ ਕਰਨਾ ਵੀ ਹੈ ਅਤੇ ਅਦੁੱਤੀ ਯੋਗਦਾਨ ਵੀ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਦਾ 'ਗੁਰੂ-ਸਿੰਘਾਸਣ ਕਾਲ' ਭਾਵੇਂ ਬਹੁਤ ਘਟ ਹੈ, ਪਰ ਉਨ੍ਹਾਂ ਦੀ ਪਰਾ-ਪਰਾਈ [illegible] ਯੋਗਦਾਨ ਪ੍ਰਤਿਬਲ ਗੁਰੂ-ਪਾਤਿਸ਼ਾਹਾਂ ਵਾਂਗ ਹੀ ਵਡਾ ਤੇ ਪ੍ਰਭਾਵਸ਼ਾਲੀ ਹੈ। ........

www.AKJ.Org

## Meditating On Nam (3)

**Hearing and Acceptance of Nam :**

ਖੇਮ ਸਾਂਤਿ ਰਿਧਿ ਨਵ ਨਿਧਿ॥
ਬੁਧਿ ਗਿਆਨੁ ਸਰਬ ਤਹ ਸਿਧਿ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥
ਗਿਆਨੁ ਸ੍ਰੇਸਟ ਊਤਮ ਇਸਨਾਨੁ॥
ਚਾਰਿ ਪਦਾਰਥ ਕਮਲ ਪ੍ਰਗਾਸ॥
ਸਭ ਕੈ ਮਧਿ ਸਗਲ ਤੇ ਉਦਾਸ॥
ਸੁੰਦਰੁ ਚਤੁਰੁ ਤਤ ਕਾ ਬੇਤਾ॥
ਸਮਦਰਸੀ ਏਕ ਦ੍ਰਿਸਟੇਤਾ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ॥੬॥

(ਸੁਖਮਨੀ ਅਸਟ : ੨੪)

The Guru lists the achievements of a person and the virtues he is blessed with. who hears and utters God's Nam with all his mind. He enjoys perpetual joy. satisfaction. magical powers. all the nine coveted treasures of Yogies. Wisdom and knowledge. The knowledge of Scriptures, fruit of penance and yogic practices. concentration on God. Spiritual Knowledge and the benefit of bathing at holy places are all bestowed. He is blessed with the four gifts of Worldly Success. Wealth, good deeds and liberation. He experiences internally Divine glow. He enjoys a feeling of detached aloofness even in the midest of all activity of a household. He is charming. Sagacious. Knower of reality and treats all alike.

The blessings showered on a listener of Nam and the one who accepts the teachings of Nam and Gurbani are part of the working daily recitatism of Jap Ji Sahib from Pauris 8-15. This is the initial link which develops into closer and closer identification with Nam and Gurbani.

**Effect of Gurbani and Kirtan :**

True inspiration to meditate on Nam comes through careful reading. hearing and Singing of Gurbani. It is a fallacy to conclude. that one needs only to meditate on Nam to the exclusion with of Gurbani. The urge to pursue meditation and to rededicate with renewed Vigour only come through repetitive listening to the teachings of Gurbani. Maditation otherwise is reduced to mere mechanical exercise without Spiritual involvement and the progress. Gurbani is the source. It is always important to remain connected with the source to be alive.

**State of Those, Without Guru's Word**

Human beings. who fail to seek the Wisdom of Guru and believe in the fallacy that this birth is for enjoyment and there may be enough time to patch up with God towards the end of life are in for total disappointment. Such a life a comparable to any other form of long life, as it fails to use the special gift of right discernment.

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥
ਕੂਕਰਹ. ਸੂਕਰਹ. ਗਰਧਭਹ. ਕਾਕਹ. ਸਰਪਨਹ ਤੁਲਿ ਖਲਹ॥੩੩॥ (ਸਲੋਕ ਸਹਸਕ੍ਰਿਤੀ)

The Gurbani declare its Verdict. that who has not obtained Guru's Word for meditation and acquired the Wisdom of the Guru through his teachings leads the life of these lower forms and he has wasted opportunity of a human birth. His greed. indiscrimination and other instincts. that he follows are like those of a dog. pig. donkey. crow and serpent. He lives foolishly without bothering about the higher life with the spiritual aspect.

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥

(ਸਿਰੀ ਰਾਗੁ ਮ: ੫ (੫੦))

Just a mad dog run around with danger to



www.AKJ.Org

to himself and others, a greedy person does not know the difference between good and bad and usurps whatever comes his way.

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ,
ਨਹ ਸੁਧ ਰਾਮ ਭਜਨ ਕੀ ।।੧।। (ਆਸਾ ਮ: ੯ (੪੧੧)

A dog runs from door to door, so is the greedy person. He has no awareness of the need to remember God.

ਬਿਨੁ ਸਿਮਰਨ ਗਰਧਭ ਕੀ ਨਿਆਈ,
ਸਾਕਤ ਥਾਨ ਭਰਿਸਟ ਫਿਰਾਹੀ।।੫।।ਗਉੜੀ ਮ:੫ (੨੩੯)

Just a donkey roams around rubbish heaps, a person under the influence of his evil desires moves around undesirable places.

ਚਿਰੰਕਾਲ ਪਾਈ ਦ੍ਰੁਲਭ ਦੇਹ।। ਨਾਮ ਬਿਹੂਣੀ ਹੋਈ ਖੇਹ।।
ਪਸੂ ਪਰੇਤ ਮੁਗਧ ਤੇ ਬੁਰੀ।। ਤਿਸਹਿ ਨ ਬੂਝੈ ਜਿਨਿ ਏਹ ਸਿਰੀ।।੩।। (ਰਾਮਕਲੀ ਮ: ੫ (੮੯੦))

Human life is attained after a long wait as a precious Divine gift. However, without meditating on Nam, it goes waste. It is worse than the life of a stupid person, an animal or an evil spirit, if a person does not remember his Creator as the value of His gift. Thus the cycle of birth and death will recommence.

ਕਹੁ ਨਾਨਕ ਇਹੁ ਤਤੁ ਬੀਚਾਰਾ।।
ਬਿਨੁ ਹਰਿ ਭਜਨ ਨਹੀ ਛੁਟਕਾਰਾ।।੩।।(ਗਉੜੀ ਮ:੫ (੧੮੮))

The only way to liberation is meditating on God's Nam. This is the foundamental truth.

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ।।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।। (ਸੋਰਿਠ ਮ:੫ (੬੪੨)

Singing Divine Priases in holy congregation is the noblest deed . Only those, who are destined so, will avail of it !

ਨਾਨਕ ਨਾਮੁ ਮਿਲੈ ਵਡਿਆਈ, ਏਦੂ ਉਪਰਿ ਕਰਮੁ ਨਹੀ।।੮।।੧।। (ਰਾਮਕਲੀ ਮ: ੧ (੯੦੩)

Nam begets honour in the Divine Court and there is no better occupation.

ਸਮਾਪਤ (Concluded.)

## " ਸੂਰਾ" ਮਈ, ੯੫ ਵਿੱਚ ਦਿੱਤੇ ਬੱਚਿਆਂ ਲਈ ਸਵਾਲਾਂ ਦੇ ਜਵਾਬ

੧) ਗੁਰੂ ਹਰਿਗੋਬਿੰਦ ਸਾਹਿਬ ਨੇ ਪੈਂਦੇ ਖਾਂ ਨੂੰ ਹੇਠ ਲਿਖੀਆਂ ਚੀਜ਼ਾਂ ਦੀ ਬਖਸ਼ਿਸ਼ ਕੀਤੀ :-

ੳ) ਵਡਮੁੱਲਾ ਘੋੜਾ।
ਅ) ਜੜਾਊ ਕ੍ਰਿਪਾਨ।
ੲ) ਚਿੱਟਾ ਬਾਜ਼।
ਸ) ਜਰੀਦਾਰ ਵਸਤਰ।

੨) ਕਰਤਾਰਪੁਰ (ਜਲਧਰ) ਵਿਖੇ ਗੁਰੂ ਹਰਗੋਬਿੰਦ ਸਾਹਿਬ ਅਤੇ ਮੁਗਲ ਹਕੂਮਤ ਵਿਚਕਾਰ ਲੜੀ ਗਈ ਚੌਥੀ ਲੜਾਈ ਵਿੱਚ ਬਾਲਕ (ਗੁਰੂ) ਤੇਗ ਬਹਾਦਰ ਜੀ ਨੇ ਹਿੱਸਾ ਲਿਆ। ਉਸ ਵੇਲੇ ਉਨ੍ਹਾਂ ਦੀ ਉਮਰ ਚੌਦਾਂ ਕੁ ਸਾਲ ਸੀ।

੩) ਬਾਬਾ ਬੰਦਾ ਸਿੰਘ ਬਹਾਦਰ ਨੂੰ ਨੰਦੇੜ ਤੋਂ ਪੰਜਾਬ ਵਲ ਤੋਰਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਹੇਠ ਲਿਖੀਆਂ ਹਦਾਇਤਾਂ ਕੀਤੀਆਂ-

ੳ) ਜਤ ਰੱਖਣਾ।
ਅ) ਖਾਲਸੇ ਦੇ ਅਨੁਸਾਰੀ ਹੋ ਕੇ ਰਹਿਣਾ (ਮਿਲ ਕੇ ਚੱਲਣਾ)।
ੲ) ਆਪਣੇ ਆਪ ਨੂੰ ਗੁਰੂ ਨਾ ਮੰਨਣਾ।
ਸ) ਦੂਜਿਆਂ ਨੂੰ ਵਰਤਾ ਕੇ ਛਕਣਾ।
ਹ) ਅਨਾਥਾਂ ਦੀ ਸਹਾਇਤਾ ਕਰਨੀ।

੪) ਜਦੋਂ ਤਖ਼ਤ ਤੇ ਬੈਠੇ ਗੁਰੂ ਅਮਰਦਾਸ ਜੀ ਨੂੰ ਦਾਤੂ ਜੀ ਨੇ ਲੱਤ ਮਾਰ ਕੇ ਭੁੰਜੇ ਸੁੱਟ ਦਿੱਤਾ ਤਾਂ ਗੁਰੂ ਜੀ ਦਾਤੂ ਦੇ ਪੈਰ ਫੜ ਕੇ ਘੁੱਟਣ ਲੱਗ ਪਏ ਅਤੇ ਕਿਹਾ ਕਿ ਮੇਰੇ ਬਿਰਧ ਸਰੀਰ ਦੇ ਹੱਡ ਕਰੜੇ ਹਨ, ਆਪ ਦੇ ਚਰਨ ਸੋਹਲ ਹਨ, ਇਨ੍ਹਾਂ ਨੂੰ ਸੱਟ ਲੱਗੀ ਹੋਵੇਗੀ। ਆਪ ਮੇਰੇ ਗੁਰਦੇਵ ਦੇ ਸਪੁੱਤਰ ਹੋ, ਆਪ ਨੂੰ ਲੱਤ ਮਾਰਨ ਦੀ ਖੇਚਲ ਤੋਂ ਤਕਲੀਫ ਹੋਈ ਹੋਵੇਗੀ। ਹੁਕਮ ਕਰੋ ਆਪ ਕੀ ਚਾਹੁੰਦੇ ਹੋ ?

੫) ਸੰਗਤ ਨੂੰ ਪੱਖਾ ਝੱਲ ਰਹੇ ਕਪੂਰ ਸਿੰਘ ਨੇ ਨਵਾਬੀ ਕਬੂਲਦੇ ਹੋਏ ਬੇਨਤੀ ਕੀਤੀ ਕਿ ਦਾਸ ਨੂੰ ਨਵਾਬੀ ਦੀ ਖਿਲਤ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾ ਕੇ ਦਿੱਤੀ ਜਾਏ ਅਤੇ ਸੰਗਤਾਂ ਦੀ ਸੇਵਾ ਤੇ ਉਨ੍ਹਾਂ ਦੇ ਘੋੜਿਆਂ ਦੀ ਲਿੱਦ ਚੁੱਕਣ ਤੋਂ ਵਾਂਝਿਆ ਨਾ ਰੱਖਿਆ ਜਾਏ।

ਬਿਨੁ ਸਤਿਗੁਰ ਪਚਿ ਮੂਏ ਸਾਕਤ,
ਨਿਗੁਰੇ ਗਲਿ ਜਮ ਫਾਸਾ ਹੇ।।
(ਮਾਰੂ ਮ ੫, ਪੰਨਾ ੧੦੭੩)


www.AKJ.Org

# ਕਬਿੱਤ ਸਵੱਯੇ (੩੭)

ਭਾਈ ਗੁਰਦਾਸ ਜੀ

**ਨਿਹਫਲ ਜਿਹਬਾ ਹੈ ਸਬਦ ਸੁਆਦ ਹੀਨ,**
**ਨਿਹਫਲ ਸੁਰਤਿ ਨ ਅਨਹਦ ਨਾਦ ਹੈ।।**
**ਨਿਹਫਲ ਦ੍ਰਿਸਟਿ ਨ ਆਪਾ ਆਪ ਦੇਖੀਅਤਿ,**
**ਨਿਹਫਲ ਸੁਆਸ ਨਹੀ ਬਾਸੁ ਪਰਮਾਦਿ ਹੈ।।**
**ਨਿਹਫਲ ਕਰ ਗੁਰ-ਪਾਰਸ ਪਰਸ ਬਿਨੁ,**
**ਗੁਰਮੁਖਿ ਮਾਰਗ ਬਿਹੂਨ ਪਗ ਬਾਦਿ ਹੈ।।**
**ਗੁਰਮੁਖਿ ਅੰਗ ਅੰਗ ਪੰਗ ਸਰਬੰਗ ਲਿਵ,**
**ਦ੍ਰਿਸਟਿ ਸੁਰਤਿ ਸਾਧ ਸੰਗਤਿ ਪ੍ਰਸਾਦਿ ਹੈ।।੧੯੯।।**

**ਪਦ ਅਰਥ** : ਨਿਹਫਲ-ਬੇਅਰਥ, ਨਿਕੰਮੇ, ਫ਼ਜ਼ੂਲ। ਜਿਹਬਾ-ਜੀਭ। ਸਬਦ - ਗੁਰ-ਸ਼ਬਦ, ਗੁਰ-ਦੀਖਿਆ। ਹੀਨ- ਬਿਨਾ, ਸਖਣੀ। ਸੁਰਤਿ- ਸੁਰਤੀ, ਕੰਨ। ਅਨਹਦ ਨਾਦ- ਇਕ ਰਸ ਨਾਮ-ਸਿਮਰਨ ਦੇ ਨਾਦ ਦੀ ਧੁਨੀ। ਦ੍ਰਿਸਟਿ-ਦ੍ਰਿਸ਼ਟੀ, ਨੇਤਰ। ਆਪਾ ਆਪ-ਆਪਣਾ ਨਿਜ ਸਰੂਪ। ਬਾਸ-ਵਾਸ਼ਨਾ, ਸੁਗੰਧੀ। ਪਰਮਾਦਿ- ਪਰਮ ਆਦਿ, ਮੁਢਲਾ ਤੱਤ, ਵਾਹਿਗੁਰੂ ਨਾਮ। ਕਰ-ਹੱਥ। ਗੁਰਮੁਖਿ ਮਾਰਗ-ਸਤਿਗੁਰੂ ਦਰ ਦਾ ਰਸਤਾ। ਬਿਹੂਨ-ਵਿਹੂਣਾ, ਖ਼ਾਲੀ, ਬਿਨਾ। ਪਗ-ਪੈਰ। ਬਾਦਿ-ਬਿਰਥੇ। ਗੁਰਮੁਖਿ-ਸਤਿਗੁਰੂ ਦਾ ਆਗਿਆਕਾਰੀ ਸਿਖ। ਪੰਗ-ਸ਼ੁਧ, ਪਵਿਤਰ। ਸਰਬੰਗ-ਸਾਰੇ ਅੰਗ। ਦ੍ਰਿਸਟਿ-ਦ੍ਰਿਸ਼ਟੀ। ਪ੍ਰਸਾਦਿ-ਕਿਰਪਾ।

**ਅਰਥ** : ਗੁਰ-ਸ਼ਬਦ (ਨਾਮ ਅੰਮ੍ਰਿਤ) ਦੇ ਸੁਆਦ ਤੋਂ ਸਖਣੀ ਜੀਭ ਬੇਅਰਥ ਹੈ ਅਤੇ ਨਾਮ-ਸਿਮਰਨ ਦੀ ਅਨਹਦ ਧੁਨੀ ਦੀ ਸ੍ਰੋਤ ਤੋਂ ਹੀਣੇ ਕੰਨ ਫ਼ਜ਼ੂਲ ਹਨ।

ਉਹ ਅੱਖਾਂ ਨਿਕੰਮੀਆਂ ਹਨ ਜੋ ਆਪਣੇ ਨਿਜ ਸਰੂਪ ਨੂੰ ਨਹੀਂ ਦੇਖਦੀਆਂ ਅਤੇ ਉਹ ਸੁਆਸ ਬਿਰਥੇ ਹਨ ਜਿਨ੍ਹਾਂ ਵਿਚ ਵਾਹਿਗੁਰੂ-ਨਾਮ ਦੀ ਸੁਗੰਧੀ ਨਹੀਂ ਹੈ।

ਪਾਰਸ (ਰੂਪੀ ਸਤਿਗੁਰੂ ਦੇ ਚਰਨ-ਕਮਲਾਂ) ਨੂੰ ਪਰਸੇ ਬਿਨਾਂ ਹੱਥ ਕਿਸੇ ਲੇਖੇ ਨਹੀਂ ਅਤੇ ਸਤਿਗੁਰੂ ਦੇ ਦੁਆਰੇ ਨਾ ਜਾਣ ਵਾਲੇ ਪੈਰ ਵਿਅਰਥ ਹਨ।

ਸਤਿਗੁਰੂ ਦੇ ਆਗਿਆਕਾਰੀ ਗੁਰਸਿੱਖਾਂ ਦੇ ਅੰਗ ਅੰਗ ਪਵਿਤਰ ਹਨ, ਕਿਉਂਕਿ ਸਾਧ ਸੰਗਤ ਦੀ ਕਿਰਪਾ ਨਾਲ ਸਮੂਹ ਅੰਗਾਂ ਕਰਕੇ ਸਤਿਗੁਰੂ ਦੇ ਦਰਸ ਧਿਆਨ ਵਿਚ ਉਨ੍ਹਾਂ ਦੀ ਦ੍ਰਿਸ਼ਟੀ ਅਤੇ ਨਾਮ ਅਭਿਆਸ ਵਿਚ ਸੁਰਤੀ ਦੀ ਲਿਵ ਲਗੀ ਹੁੰਦੀ ਹੈ।੧੯੯।

**ਪਸੂਆ ਮਨੁਖ ਦੇਹ ਅੰਤਰਿ ਅੰਤਰੋ ਇਹੈ,**
**ਸਬਦ ਸੁਰਤਿ ਕੋ ਬਿਬੇਕ ਅਬਿਬੇਕ ਹੈ।।**
**ਪਸੁ ਹਰਿਆਉ ਕਹਿਓ ਸੁਨਿਓ ਅਨਸੁਨਿਓ ਕਰੈ,**
**ਮਾਨਸ ਜਨਮ ਉਪਦੇਸ ਰਿਦੈ ਟੇਕ ਹੈ।।**
**ਪਸੂਆ ਸਬਦ-ਹੀਨ ਜਿਹਬਾ ਨ ਬੋਲਿ ਸਕੈ,**
**ਮਾਨਸ ਜਨਮ ਬੋਲੈ ਬਚਨ ਅਨੇਕ ਹੈ।।**
**ਸਬਦ ਸੁਰਤਿ ਸੁਨਿ ਸਮਝਿ ਬੋਲੈ ਬਿਬੇਕੀ,**
**ਨਾਤਰੁ ਅਚੇਤ ਪਸੁ ਪ੍ਰੇਤ ਹੂੰ ਮੈ ਏਕ ਹੈ।।੨੦੦।।**

**ਪਦ ਅਰਥ** : ਪਸੂਆ-ਪਸ਼ੂ। ਦੇਹ-ਦੇਹੀ, ਸਰੀਰ। ਅੰਤਰਿ-ਵਿਚ। ਅੰਤਰੁ-ਅੰਤਰਾ, ਫ਼ਰਕ। ਬਿਬੇਕ-ਗਿਆਨ। ਅਬਿਬੇਕ-ਗਿਆਨ-ਹੀਣ, ਬੇਸਮਝ। ਹਰਿਆਉ-ਹਰੀ (ਖੇਤੀ)। ਕਹਿਓ-ਕਹਿਣਾ। ਸੁਣਿਓ-ਸੁਣੇ ਨੂੰ। ਮਾਨਸ ਜਨਮ-ਮਨੁੱਖਾ ਜਨਮ। ਉਪਦੇਸ-ਗੁਰੂ ਦੀ ਦੀਖਿਆ, ਗੁਰ-ਸ਼ਬਦ। ਰਿਦੈ ਹਿਰਦੇ ਵਿਚ। ਟੇਕ ਹੈ-ਟੇਕ ਬਣਾਂਦਾ ਹੈ, ਵਸਾਂਦਾ ਹੈ। ਸਬਦ ਹੀਨ-ਸ਼ਬਦ ਤੋਂ ਹੀਣਾ। ਸੁਰਤਿ-ਸ੍ਰੋਤਾ। ਬਿਬੇਕੀ-ਵਿਚਾਰਵਾਨ, ਸੋਝੀਵਾਨ। ਨਾਤਰੁ-ਨਹੀਂ ਤਾਂ। ਅਚੇਤ-ਬੇਸਮਝ, ਮੂਰਖ। ਹੂੰ ਮੈ-ਵਿਚੋਂ ਹੀ।

**ਅਰਥ** : ਪਸ਼ੂ ਤੇ ਮਨੁੱਖ ਦੀ ਦੇਹੀ ਵਿਚ ਇਹੋ ਫ਼ਰਕ ਹੈ ਕਿ (ਮਨੁੱਖ ਨੂੰ) ਸ਼ਬਦ-ਸੁਰਤ ਦੇ ਮਿਲਾਪ ਦੀ ਸੋਝੀ ਹੈ, ਪਰ ਪਸ਼ੂ ਗਿਆਨ ਤੋਂ ਸਖਣਾ ਹੈ।

ਪਸ਼ੂ ਨੂੰ ਹਰੀ ਖੇਤੀ ਵਲੋਂ (ਰੁਕਣ ਲਈ) ਕਿਹਾ ਜਾਏ ਤਾਂ ਉਹ ਸੁਣੇ ਨੂੰ ਅਨਸੁਣਿਆ ਕਰਦਾ ਹੈ, ਪਰ ਮਨੁੱਖਾ ਜਨਮ (ਸਤਿਗੁਰੂ ਦੇ) ਉਪਦੇਸ਼ ਨੂੰ (ਸੁਣ ਕੇ) ਹਿਰਦੇ ਵਿਚ ਵਸਾਂਦਾ ਹੈ।

ਸ਼ਬਦ ਤੋਂ ਹੀਣਾ ਪਸ਼ੂ ਜੀਭ ਨਾਲ ਬੋਲ ਨਹੀਂ ਸਕਦਾ, ਪਰ ਮਨੁੱਖਾ ਜਨਮ ਵਾਲਾ ਅਨੇਕਾਂ ਬਚਨ ਬੋਲਦਾ ਹੈ।

(ਮਨੁੱਖ) ਜੋ ਸ਼ਬਦ ਦੀ ਸ੍ਰੋਤ ਸੁਣ, ਸਮਝ ਦੁਆਰਾ ਬੋਲਦਾ ਹੈ ਤਾਂ ਉਹ ਸੋਝੀਵਾਨ ਬਿਬੇਕੀ ਹੈ, ਨਹੀਂ ਤਾਂ ਉਹ ਵੀ ਅਗਿਆਨੀ ਪਸ਼ੂ ਪ੍ਰੇਤਾਂ ਵਿਚੋਂ ਇਕ ਮੂਰਖ ਪਸ਼ੂ ਹੈ।੨੦੦।


## ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਤੋਂ ਦਸਵੀਂ ਕਲਾਸ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਸਿਖਾਉਣ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ। ਤਨਖਾਹ ਯੋਗਤਾ ਅਨੁਸਾਰ। ਹੇਠ ਲਿਖੇ ਪਤੇ ਤੇ ਸੰਪਰਕ ਕਰੋ-

ਭਾਈ ਬਲਵੰਤ ਸਿੰਘ,
ਪਿੰਡ ਜਲਵਾਣਾ, ਡਾਕਖਾਨਾ ਲੋਹਟਬੱਦੀ,
ਜ਼ਿਲ੍ਹਾ ਲੁਧਿਆਣਾ।
ਫੋਨ : 0161-451493,455539,458006




www.AKJ.Org

# ਮੀਰੀ ਪੀਰੀ ਸਿਧਾਂਤ ਤੇ ਗੁਰੂ ਹਰਿਗੋਬਿੰਦ ਸਾਹਿਬ

(ਭਾਈ ਮਦਨ ਸਿੰਘ ਜੀ ਯੂ. ਕੇ.)

ਮੀਰ ਅਤੇ ਪੀਰ ਫਾਰਸੀ ਜ਼ਬਾਨ ਦੇ ਸ਼ਬਦ ਹਨ। ਮੀਰ ਦਾ ਅਰਥ ਹੈ ਵੱਡਾ ਜਗੀਰਦਾਰ ਯਾ ਬਾਦਸ਼ਾਹ ਅਤੇ ਪੀਰ ਦਾ ਅਰਥ ਹੈ ਧਾਰਮਿਕ ਆਗੂ ਜਾਂ ਰਹਿਬਰ । ਸੋ ਮੀਰੀ ਦੇ ਭਾਵ ਅਰਥ ਹੋਏ ਜੀਵਨ ਦੇ ਸਮੁਰੇ ਖੇਤਰ ਵਿੱਚ ਸੇਧ ਅਤੇ ਪੀਰੀ ਦੇ ਅਰਥ ਹੋਏ ਧਾਰਮਿਕ ਖੇਤਰ ਵਿੱਚ ਅਧਿਆਤਮਿਕ ਅਗਵਾਈ। ਮੀਰੀ ਪੀਰੀ ਦੀ ਥਾਂ ਧਰਮ ਤੇ ਸਿਆਸਤ ਦੇ ਲਫਜ਼ਾਂ ਨੇ ਮਲ ਲਈ ਜਾਪਦੀ ਹੈ। ਕਿਤੇ ਕਿਤੇ ਧਰਮ ਤੇ ਰਾਜਨੀਤੀ ਦੇ ਲਫਜ਼ ਮੀਰੀ ਪੀਰੀ ਦੇ ਬਦਲ ਵਜੋਂ ਵੀ ਸੁਣਨ ਵਿੱਚ ਆਉਂਦੇ ਹਨ।

ਮੀਰੀ ਪੀਰੀ ਸਿਖ ਧਰਮ ਦਾ ਮੁਢਲਾ ਸਿਧਾਂਤ ਹੈ ਜਿਸਦੀ ਪੁਸ਼ਟੀ ਗੁਰੂ ਪਾਤਸ਼ਾਹਾਂ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਠੋਕ ਵਜਾ ਕੇ ਕਰਦੇ ਹਨ। ਸ਼ਾਇਦ ਹੀ ਕੋਈ ਨਾਨਕ ਨਾਮ ਲੇਵਾ ਇਸ ਸਿਧਾਂਤ ਤੋਂ ਮੁਨਕਰ ਹੋਵੇ।

i) **"ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।।
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ।।
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ।।"** (ਪੰਨਾ ੧੦੮੮)

ii) **"ਤਖਤਿ ਬਹੈ ਤਖਤੈ ਕੀ ਲਾਇਕ।।
ਪੰਚ ਸਮਾਏ ਗੁਰਮਤਿ ਪਾਇਕ।"** (ਪੰਨਾ ੧੦੩੯)

iii) **"ਨਿਹਚਲੁ ਰਾਜੁ ਤੂੰਹਿ ਤੂ ਗੁਰਮੁਖਿ ਸਚੁ ਕਮਾਈ"
ਸਚੈ ਤਖਤਿ ਬੈਠਾ ਨਿਆਉ ਕਰਿ ਸਤਸੰਗਤਿ ਮੇਲਿ ਮਿਲਾਈ।।"** (ਪੰਨਾ ੧੦੮੭)

ਇਸ ਤਰ੍ਹਾਂ ਦੇ ਅਨੇਕਾਂ ਹੀ ਗੁਰ ਫੁਰਮਾਨ ਹਨ ਜਿਹਨਾਂ ਤੋਂ ਮੀਰੀ ਪੀਰੀ ਸਿਧਾਂਤ ਦੀ ਪੁਸ਼ਟੀ ਹੁੰਦੀ ਹੈ। ਗੁਰੂ ਨਾਨਕ ਪਾਤਸ਼ਾਹ ਦੀ ਛੇਵੀਂ ਜੋਤ ਨੇ ਤਾਂ ਸਿਰਫ਼ ਜ਼ਾਲਮਾਂ ਨੂੰ ਦੰਡ ਦੇਣ ਲਈ ਹੀ ਮੀਰੀ ਪੀਰੀ ਦੇ ਸੁਮੇਲ ਦੇ ਸਿਧਾਂਤ ਤੇ ਆਪਣੀ ਪਰਵਾਨਗੀ ਦੀ ਮੋਹਰ ਲਾਕੇ ਆਪਣੇ ਅਨੁਆਈਆਂ ਨੂੰ ਖੜਗਧਾਰੀ ਬਣਨ ਦੀ ਪ੍ਰੇਰਨਾ ਬਖਸ਼ੀ। ਇਸੇ ਸਿਧਾਂਤ ਨੂੰ ਮੁਖ ਰਖਦਿਆਂ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਜ਼ਾਬਰਾਂ ਤੇ ਧਾੜਵੀਆਂ ਨੂੰ ਸੋਧਣ ਲਈ ਖੰਡਾ ਖੜਕਾਇਆ।

"ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਆਗਮਨ ੧੯ ਜੂਨ ੧੫੯੫ (ਸੰਮਤ ੧੬੫੨) ਨੂੰ ਸ੍ਰੀ ਮਾਤਾ ਗੰਗਾ ਜੀ ਦੀ ਕੁਖੋਂ ਗੁਰੂ ਕੀ ਵਡਾਲੀ ਵਿਖੇ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਿਦਾਇਤ ਅਨੁਸਾਰ ਬਾਬਾ ਬੁੱਢਾ ਜੀ ਨੇ ੨੫ ਮਈ ੧੬੦੬ ਨੂੰ ਬਾਲ ਹਰਿਗੋਬਿੰਦ ਜੀ ਨੂੰ ਗਿਆਰਾਂ ਕੁ ਸਾਲ ਦੀ ਉਮਰ ਵਿੱਚ ਗੁਰਿਆਈ ਦਾ ਤਿਲਕ ਲਾਇਆ। ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਉਣ ਦੇ ਨਾਲ ਨਾਲ ਦਸਤਾਰ ਅਤੇ ਕਲਗੀ ਵੀ ਸਜਾਈ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਹੀ ਹਰਿਗੋਬਿੰਦ ਦਾ ਨਵਾਂ ਰੂਪ ਧਾਰ ਲਿਆ ਪਰ ਧਰਮ ਚਲਵਾਣ ਅਥਵਾ ਸਚਿਆਰ ਮਨੁਖ ਘੜਨ ਦੀ ਜੋਗ ਜੁਗਤੀ ਉਹੀ ਪਹਿਲੀ ਵਾਲੀ ਹੀ ਰਹੀ।"

**" ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆਂ ਪਲਟ ਕੈ ਮੂਰਤਿ ਹਰਿਗੋਬਿੰਦ ਸਵਾਰੀ।।"**

(ਵਾਰ ਭਾ: ਗੁਰਦਾਸ)

ਸੈਮਟਿਕ ਸਿਧਾਂਤ ਅਨੁਸਾਰ ਸੰਸਾਰਕ ਅਤੇ ਰੂਹਾਨੀ ਸ਼ਕਤੀਆਂ ਤੇ ਪੰਜ ਪੀਰ ਅੱਡ ਅੱਡ ਸ਼ਕਤੀਆਂ ਦੇ ਮਾਲਕ ਹਨ। ਜਿਥੇ ਪੰਜ ਸ਼ਕਤੀਆਂ ਭਾਵ ਪੰਜ ਪੀਰ ਇੱਕਠੇ ਹੋ ਜਾਣ ਖੁਦਾਵੰਦ ਕਰੀਮ ਦੀਆਂ ਸਾਰੀਆਂ ਸ਼ਕਤੀਆਂ ਇਕ੍ਰਤ ਹੋ ਜਾਂਦੀਆਂ ਹਨ। ਪ੍ਰੰਤੂ ਗੁਰਮਤਿ ਦਾ ਇਹ ਸਿਧਾਤ ਨਹੀਂ। ਗੁਰਮਤਿ ਅਨੁਸਾਰ ਅਕਾਲ ਪੁਰਖ ਵਾਹਿਗੁਰੂ ਸ੍ਰਿਸਟੀ ਦਾ ਕਰਤਾ ਤੇ ਭੰਨਣ ਘੜਨ ਦਾ ਸਮਰਥ ਆਪ ਹੀ ਹੈ। ਸਾਰੀਆਂ ਸ਼ਕਤੀਆਂ ਉਸਦੀ ਮੁੱਠੀ ਵਿੱਚ ਹਨ। ਮੂਲਮੰਤਰ ਇਸੇ ਦੀ ਹੀ ਵਿਆਖਿਆ ਹੈ।

•••••••

## ਸਾਰੀਆਂ ਬੀਬੀਆਂ ਨਾਮ ਜਪਣ ਲੱਗ ਪਈਆਂ

ਲੰਗਰ ਦੇ ਪ੍ਰਸ਼ਾਦੇ ਪਕਾਉਂਦੀਆਂ ਕੁਝ ਬੀਬੀਆਂ ਐਧਰ ਉਧਰ ਦੀਆਂ ਗੱਲਾਂ ਕਰ ਰਹੀਆਂ ਸਨ। ਪ੍ਰਸ਼ਾਦੇ ਪਕਾਉਣ ਲਈ ਉਨ੍ਹਾਂ ਵਿੱਚ ਹੋਰ ਬੀਬੀਆਂ ਆ ਰਲੀਆਂ। ਫਜ਼ੂਲ ਗੱਲਾਂ ਸੁਣ ਕੇ ਨਵੀਂਆਂ ਆਈਆਂ ਬੀਬੀਆਂ ਵਿੱਚੋਂ ਇੱਕ ਬੀਬੀ ਕਹਿਣ ਲੱਗੀ," ਭੈਣ ਜੀ ! 'ਸੂਰਾ' ਵਿਚ ਲਿਖਿਆ ਹੋਇਐ, ਲੰਗਰ ਦੀ ਸੇਵਾ ਕਰਦਿਆਂ ਫਜ਼ੂਲ ਗੱਲਾਂ ਕਰਨ ਨਾਲ ਲੰਗਰ ਜੂਠਾ ਹੋ ਜਾਂਦਾ ਹੈ। ਸੁੱਚਮਤਾ ਨੂੰ ਮੁੱਖ ਰਖਦਿਆਂ, ਆਓ ! ਅਸੀਂ ਗੁਰੂ ਗੁਰੂ ਜਪੀਏ।"

ਸਾਰੀਆਂ ਬੀਬੀਆਂ ਨਾਮ ਜਪਣ ਲੱਗ ਪਈਆਂ।



www.AKJ.Org

# ੧੯੯੯ ਤੇ ਸਿੱਖ ਇਸਤਰੀ

(ਸ੍ਰ: ਕੁਲਦੀਪ ਸਿੰਘ,ਅਮਰੀਕਾ)

ਸਿੱਖ ਤੋਂ ਸਿੰਘ ਅਤੇ ਸੰਤ ਤੋਂ ਸਿਪਾਹੀ ਬਨਣ ਦੇ ਵਿਕਾਸ ਵਿੱਚ ਸਿੱਖ ਇਸਤਰੀ ਨੇ ਬਹੁਤ ਮਹਤੱਵ ਪੂਰਨ ਯੋਗਦਾਨ ਦਿੱਤਾ ਹੈ। ਇਸ ਸੰਬੰਧ ਵਿੱਚ ਮਾਤਾ ਤ੍ਰਿਪਤਾ, ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਗੰਗਾ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ, ਮਾਈ ਭਾਗੋ, ਬੀਬੀ ਸ਼ਰਨ ਕੌਰ, ਮਹਾਰਾਣੀ ਸਦਾ ਕੌਰ, ਮਹਾਰਾਣੀ ਜਿੰਦਾਂ ਆਦਿ ਉਹ ਕੁਝ ਮਹਾਨ ਤੇ ਉੱਘੀਆਂ ਇਸਤਰੀਆਂ ਹਨ ਜਿੰਨਾਂ ਨੇ ਸਿੱਖ ਧਰਮ, ਦਰਸ਼ਨ ਤੇ ਇਤਿਹਾਸ ਨੂੰ ਗੁਰੂ ਸਾਹਿਬ ਦੇ ਸਮੇਂ ਤੋਂ ਲੈ ਕੇ ਸਿੱਖ ਰਾਜ ਦੇ ਅੰਤ ਤਕ ਤੇ ਉਸ ਪਿੱਛੋਂ ਵੀ ਸਿੱਖੀ ਤੇ ਪੰਥ ਦੇ ਮਹਿਲ ਦੀ ਨੀਂਹ ਨੂੰ ਪੱਕਿਆਂ ਕੀਤਾ। ਇਹ ਸੁਭਾਗ ਉਨ੍ਹਾਂ ਮਾਤਾਵਾਂ, ਭੈਣਾਂ ਤੇ ਧੀਆਂ ਨੂੰ ਵੀ ਪ੍ਰਾਪਤ ਹੈ ਜਿਨ੍ਹਾਂ ਨੇ ਬੱਚਿਆਂ ਦੇ ਟੁਕੜੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪੁਆਏ। ਸਵਾ ਸਵਾ ਮਣ ਪੀਸਣ ਪੀਸੇ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ। ਸੀਅ ਨਹੀਂ ਉਚਰੀ। ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ ਅਤੇ ਉਸ ਤੋਂ ਅੱਗੇ ਸਿੱਖ ਮਰਦ ਨੂੰ ਮਾਂ, ਧੀ, ਭੈਣ, ਪਤਨੀ, ਨਾਨੀ ਆਦਿ ਦੇ ਰੂਪ ਵਿੱਚ ਕੁਰਬਾਨੀਆਂ ਦੇਣ ਲਈ ਪ੍ਰੇਰਿਆ ਤੇ ਉਨ੍ਹਾਂ ਨੂੰ ਮਹਾਨ ਸਿੱਖ ਤੇ ਸਿੰਘ ਬਣਾਇਆ।

ਇਹ ਕੁਝ ਸਿੱਖ ਇਸਤਰੀ ਨੇ ਉਦੋਂ ਵੀ ਕੀਤਾ ਤੇ ਫਿਰ ਭਾਰਤ ਦੀ ਅਖ਼ੌਤੀ ਆਜ਼ਾਦੀ ਤੇ ਉਸ ਪਿੱਛੋਂ ਸਿੱਖਾਂ ਦੇ ਆਜ਼ਾਦੀ ਦੀ ਜਦੋ-ਜਹਿਦ ਵਿੱਚ ਸਿੱਖ ਇਸਤਰੀਆਂ ਨੇ ਸਿੱਖ ਮਰਦ ਨੂੰ ਹਰ ਪੱਖ ਤੋਂ ਉਤਸ਼ਾਹਿਤ ਕਰਕੇ ਤੇ ਉਸ ਦੇ ਮੋਢੇ ਨਾਲ ਮੋਢਾ ਜੋੜ ਕੇ ਭਾਂਤ ਭਾਂਤ ਦੇ ਜ਼ੁਲਮ, ਦੁੱਖ ਤੇ ਤਕਲੀਫਾਂ ਸਹੀਆਂ ਤੇ ਹੁਣ ਵੀ ਉਹ ਪੀੜਾ ਹੰਢਾ ਰਹੀਆਂ ਹਨ। ਇਸ ਦੇ ਬਾਵਜੂਦ ਵੀ ਸਿੱਖ ਇਸਤਰੀਆਂ ਭਿੰਨ ਭਿੰਨ ਕਾਰਨਾਂ ਕਰਕੇ ਸਿੱਖ ਸਮਾਜ ਦੇ ਬਹੁ-ਪੱਖੀ ਵਿਕਾਸ ਵਿਚ ਆਪਣਾ ਪੂਰਾ ਹਿੱਸਾ ਨਹੀਂ ਪਾ ਰਹੀਆਂ। ਹਰ ਸਿੱਖ ਦਾ ਆਦਰਸ਼ ਤੇ ਸੰਕਲਪ ਤਾਂ ਵਿਦਿਆ ਵਿਚਾਰੀ ਤਾਂ ਪਰਉਪਕਾਰੀ ਦਾ ਹੈ। ਫਿਰ ਜਿੱਥੇ ਆਪਣਾ ਸਮੂਹਿਕ ਤੇ ਸਤੁੰਲਤ ਉਪਕਾਰ ਹੀ ਨਹੀਂ ਹੋ ਰਿਹਾ ਉੱਥੇ ਪਰਉਪਕਾਰ ਤਾਂ ਦੂਰ ਦੀ ਗੱਲ ਹੋ ਜਾਵੇਗੀ। ਸੋ ਇਸ ਸੰਬੰਧੀ ਸਿੱਖ ਇਸਤਰੀ ਨੂੰ ਗੁਰਮਤਿ ਅਨੁਸਾਰ ਵਿੱਦਿਆ ਪ੍ਰਣਾਲੀ ਦਾ ਸੁਧਾਰ ਕਰਕੇ ਜ਼ੋਰਦਾਰ ਕਦਮ ਚੁੱਕਣੇ ਹੋਣਗੇ। ਇਸ ਤਰ੍ਹਾਂ ਸਿੱਖ ਇਸਤਰੀ ਸਿੱਖ ਕੌਮ ਨੂੰ ਅਜੋਕੀ ਵਿਸ਼ਾਦ ਗ੍ਰਸਤ ਅਵਸਥਾ ਵਿਚੋਂ ਕੱਢਣ ਲਈ ਆਪਣੇ ਸੁਭਾਅ, ਰੁੱਖ (Attitudes), ਟੀਚਿਆਂ ਤੇ ਮਨੋਰਥਾਂ ਨੂੰ ਯੋਜਨਾ ਬੱਧ ਕਰਕੇ ਇਸਤਰ੍ਹਾਂ ਢਾਲੇ ਕਿ ਜਿਸ ਨਾਲ ਉਹ ਕਰੜੀ ਮਿਹਨਤ, ਕੁਰਬਾਨੀ ਭਰਪੂਰ ਜਜ਼ਬੇ, ਸੰਜਮ, ਸ਼ੁਕਰ, ਸੰਤੋਖ, ਸਹਿਜ, ਨਿਮਰਤਾ, ਮਿੱਠਤਾ, ਨਿਸ਼ਕਾਮਤਾ, ਨਿਰਛੱਲਤਾ ਤੇ ਨਿਸ਼ਕਪਟਤਾ ਵਾਲਾ ਜੀਵਨ ਬਤੀਤ ਕਰਦਿਆਂ ਸਿੱਖ ਸਮਾਜ ਨੂੰ ਅਜਿਹੀ ਦਿਸ਼ਾ ਪ੍ਰਦਾਨ ਕਰੇ ਜਿਸ ਨਾਲ ਸਿੱਖ ਪੰਥ ਇੱਕ ਮਹਾਨ ਕੌਮ ਹੁੰਦਿਆਂ ਦੁਨੀਆਂ ਨੂੰ "ਏਕਿ ਪਿਤਾ ਏਕਸ ਕੇ ਹਮ ਬਾਰਿਕ" ਦੇ ਰਾਹ ਉੱਪਰ ਚਲਾਉਣ ਲਈ ਸਹਾਇਕ ਸਿੱਧ ਹੋ ਸਕੇ। ਇਸ ਤਰ੍ਹਾਂ ਸਿੱਖ ਇਸਤਰੀ ਜਲਦੇ ਸੰਸਾਰ ਵਿੱਚ ਅਮਨ ਤੇ ਖ਼ੁਸ਼ਹਾਲੀ ਨੂੰ ਸਥਿਰ ਕਰੇ। ਸਮੁੱਚੇ ਮਨੁੱਖੀ ਸਮਾਜ ਨੂੰ ਉੱਚੀ ਮਾਨਸਿੱਕ, ਪਦਾਰਥਿਕ, ਅਧਿਆਤਮਿਕ ਤੇ ਬੌਧਿਕ ਜੀਵਨ ਜੀਣ ਲਈ ਪਰੇਰ ਸਕੇ। ਇੱਥੇ ਸਿੱਖ ਇਸਤਰੀ ਨੂੰ ਸਿੱਖ ਧਰਮ ਵਿੱਚ, ਇਸਤਰੀ ਦੇ ਉੱਚੇ ਸਥਾਨ ਤੇ ਮਹੱਤਤਾ ਨੂੰ ਸਾਹਮਣੇ ਰੱਖਦਿਆਂ ਤੇ ਆਪਣੇ ਇਤਿਹਾਸ ਨੂੰ ਵਾਚਦਿਆਂ ਇਕ ਭਾਰੀ ਹੰਭਲਾ ਮਾਰਨਾ ਪਵੇਗਾ। ਇਸ ਤਰ੍ਹਾਂ ਇਸਤਰੀ ਨੂੰ ਮਾਂ, ਭੈਣ, ਪਤਨੀ, ਧੀ ਤੇ ਬਾਕੀ ਹਰ ਸਮਾਜਕ ਰਿਸ਼ਤੇ ਵਿੱਚ ਆਪਣੇ ਫ਼ਰਜ਼ ਪੂਰੀ ਗੰਭੀਰਤਾ ਨਾਲ ਅਦਾ ਕਰਨੇ ਹੋਣਗੇ। ਮਰਦ ਇਸਤਰੀ ਦੇ ਹੱਥ ਵਿਚ ਹੀ ਜੰਮਦਾ ਤੇ ਉਸ ਪਿਛੋਂ ਸਾਰਿਆਂ ਰਿਸ਼ਤਿਆਂ ਵਿੱਚ ਉਸ ਦੇ ਪ੍ਰਭਾਵ ਹੇਠ ਹੀ ਪ੍ਰਵਾਨ ਚੜ੍ਹਦਾ ਹੈ। ਜੇ ਕਰ ਸਿੱਖ ਮਾਂ ਆਪਣੇ ਬੱਚਿਆਂ ਨੂੰ ਸਿੱਖੀ ਅਸੂਲਾਂ ਤੇ ਸਿੱਖ ਇਤਿਹਾਸ ਤੇ ਸਿੱਖੀ ਰਵਾਇਤਾਂ ਦੀ ਸੋਧ ਵਿਚ ਵਿਗਸਤ ਕਰੇ ਤਾਂ ਨਿਰਸੰਦੇਹ ਉਹ ਇੱਕ ਯੋਗ ਸਿੱਖ ਪੁੱਤਰ, ਪਤੀ, ਭਰਾ ਤੇ ਮਨੁੱਖ ਬਣ ਸਕੇਗਾ।

ਸਿੱਖ ਇਸਤਰੀ ਨੇ ਸਾਧਕ, ਸੋਧਕ ਤੇ ਸੇਧਕ ਦਾ ਕੰਮ ਕਰਨਾ ਹੈ। ਇਸ ਲਈ ਪਹਿਲੇ ਪੜਾਅ ਉੱਪਰ ਉਸ ਨੂੰ ਸਵੈ ਪੜਚੋਲ, ਸਵੈ ਨਿਰੀਖਣ ਤੇ ਸਵੈ ਸਿਖਿਆ ਰਾਹੀਂ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ।

ਇਸ ਤਰ੍ਹਾਂ ੧੯੯੫ ਤੋਂ ੨੦੦੫ ਤੱਕ ਦਾ ਦਹਾਕਾ ਸਿੱਖ ਕੌਮ ਲਈ ਬਹੁਤ ਹੋਣੀਆਂ ਭਰਿਆ ਦਹਾਕਾ ਹੈ। ਇਸ ਨੂੰ ਸਾਹਮਣੇ ਰੱਖਦਿਆਂ ਉਸ ਨੂੰ ਹੇਠ ਅੰਕਤ ਕੁਝ ਪੱਖਾਂ ਬਾਰੇ ਚੇਤੰਨ ਉਪਰਾਲੇ ਕਰਨੇ ਹੋਣਗੇ, ਜਿਨ੍ਹਾਂ ਦੇ ਕਰਨ ਨਾਲ ਹੀ ਉਹ ਆਪਣੇ ਉਦੇਸ਼ ਵਿੱਚ ਸਫਲ ਹੋ ਸਕੇਗੀ :-

੧. ਸਵੈ ਪੜਚੋਲ, ਸਵੈ ਨਿਰੀਖਣ ਤੇ ਸਵੈ ਸਿਖਿਆ
੨. ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ
੩. ਕਲਾਤਮਿਕ ਪ੍ਰਭਾਵ
੪. ਜਨਮ ਤੋਂ ਪਹਿਲਾਂ
੫. ਸਰੀਰ, ਸਿਹਤ ਅਤੇ ਘਰ ਦੀ ਸੰਭਾਲ
੬. ਅਧਿਆਤਮਕ ਤੇ ਧਾਰਮਿਕ
੭. ਸਮਾਜਿਕ ਤੇ ਸਦਾਚਾਰਕ



www.AKJ.Org

੮. ਵਿਦਿਆ
੯. ਆਰਥਿਕ
੧੦. ਰਾਜਨੀਤਕ

### (੧) ਸਵੈ ਪੜਚੋਲ, ਸਵੈ ਨਿਰੀਖਣ ਤੇ ਸਵੈ ਸਿਖਿਆ

ਸਿੱਖ ਕੌਮ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਲਈ ਸਿੱਖ ਇਸਤਰੀ ਨੂੰ ਸਵੈ ਖੋਜ ਕਰਨੀ ਪਵੇਗੀ, ਆਪਣੇ ਮੂਲ, ਸ਼ਕਤੀਆਂ, ਸੰਭਾਵਨਾਂਵਾਂ ਤੇ ਸੀਮਾਵਾਂ ਨੂੰ ਪਛਾਣਨਾ ਹੋਵੇਗਾ। ਇਹ ਕੁਝ ਕਰਨ ਲਈ ਉਸ ਨੂੰ ਸਵੈ ਪੜਚੋਲ ਤੇ ਸਵੈ ਨਿਰੀਖਣ ਪਿੱਛੋਂ ਸਵੈ ਸਿਖਿਆ ਪ੍ਰਾਪਤ ਕਰਨੀ ਹੋਵੇਗੀ। ਜਦੋਂ ਤੱਕ ਉਹ ਸੋਧਕ, ਸਾਧਕ ਤੇ ਸੇਧਕ ਨਹੀਂ ਬਣਦੀ ਉਦੋਂ ਤੱਕ ਇਨ੍ਹਾਂ ਮਹਾਨ ਫ਼ਰਜ਼ਾਂ ਦੀ ਪ੍ਰਾਪਤੀ ਕਰਨੀ ਬਹੁਤ ਕਠਿਨ ਹੈ। ਪਹਿਲੇ ਤਾਂ ਉਸ ਨੂੰ ਖ਼ੁਦ ਆਪਣਾ ਸੋਧਕ, ਸਾਧਕ ਤੇ ਸੇਧਕ ਬਨਣਾ ਹੋਵੇਗਾ। ਕਮਜ਼ੋਰ ਤੇ ਅਸਘੰਠਿਤ (Disorganized) ਇਸਤਰੀ ਕਦੇ ਵੀ ਸ਼ਕਤੀਸ਼ਾਲੀ ਟੱਬਰ ਤੇ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੀ। ਇਸ ਲਈ ਉਸ ਨੂੰ ਇਹ ਕੁਝ ਕਰਨ ਲਈ ਹੇਠ ਲਿਖੇ ਕਦਮ ਉਠਾਉਣੇ ਪੈਣਗੇ:–

- ਇਸਤਰੀ ਆਪਣੇ ਨਿੱਜ ਤੇ ਪ੍ਰਵਾਰ ਦੇ ਜੀਵਨ ਨੂੰ ਗੁਰਮਤ ਅਨੁਸਾਰ ਢਾਲੇ।
- ਉਹ ਆਪਣੀ ਸਰੀਰਕ, ਮਾਨਸਿਕ ਤੇ ਸਮਾਜਿਕ ਸਿਹਤ ਵੱਲ ਉਚੇਚਾ ਧਿਆਨ ਦੇ ਕੇ ਆਪਣੇ ਆਪ ਨੂੰ ਬਲਵਾਨ ਕਰੇ।
- ਇਸਤਰੀ ਅਜੋਕੀ ਆਧੁਨਿਕ ਵਿਦਿਆ ਲੈਣ ਦੇ ਨਾਲ ਨਾਲ ਸਰਬ ਪੱਖੀ ਵਿਦਿਆ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕਰੇ। ਉਹ ਇਹ ਵਿਦਿਆ ਇਸ ਮਹਾਨਤਮ ਗੁਰੂ ਕੋਲੋਂ ਲੈ ਕੇ, ਕੇਵਲ ਧਾਰਮਿਕ ਤੇ ਅਧਿਆਤਮਕ ਤੌਰ ਉੱਤੇ ਹੀ ਨਹੀਂ ਸਗੋਂ ਸਦਾਚਾਰਕ, ਸੰਸਾਰਕ, ਸਮਾਜਿਕ, ਆਰਥਿਕ, ਰਾਜਨੀਤਕ, ਕਲਾਤਮਿਕ, ਭਾਵ ਕੀ ਜੀਵਨ ਦੇ ਹਰ ਪੱਖ ਬਾਰੇ ਪ੍ਰਾਪ੍ਤ ਕਰੇ।
- ਹਰ ਇਸਤਰੀ ਨੂੰ ਭਾਸ਼ਾ ਵਿਗਿਆਨ, ਮਨੋਵਿਗਿਆਨ ਤੇ ਸਮਾਜਕ ਵਿਗਿਆਨ, ਸਿੱਖ ਧਰਮ ਤੇ ਇਤਿਹਾਸ, ਰਸੋਈ ਸਿਖਿਆ, ਸਤੁੰਲਤ ਖ਼ੁਰਾਕ, ਕਲਾਤਮਿਕ (ਸੰਗੀਤ, ਚਿੱਤਰਕਾਰੀ ਤੇ ਸਾਹਿਤ) ਗਿਆਨ, ਸਿਲਾਈ ਕਢਾਈ, ਕਸਰਤ ਤੇ ਸ਼ਿੰਗਾਰ, ਸਾਹਿਤ ਅਧਿਐਨ ਤੇ ਰਚਨਾ, ਘਰ ਦੀ ਸਾਂਭ–ਸੰਭਾਲ, ਅੰਦਰਲੀ ਸਜਾਵਟ (Interior Decoration) ਦਾ ਭਰਪੂਰ ਗਿਆਨ ਹੋਣਾ ਚਾਹੀਦਾ ਹੈ।

ਵਿਦਿਆ ਵਿਚਾਰੀ ਤਾਂ ਪਰਉਪਕਾਰੀ ਦੇ ਆਦਰਸ਼ ਨੂੰ ਆਪੂਣੇ ਵਿੱਚ ਦ੍ਰਿਸ਼ਟਮਾਨ ਕਰੇ।

- ਇਸ ਸਭ ਕੁਝ ਲਈ ਤਕਰੀਰਾਂ, ਸੈਮੀਨਾਰਾਂ, ਕਾਨਫ਼ਰੰਸਾਂ, ਕੈਂਪਾਂ ਤੇ ਕੋਰਸਾਂ ਦਾ ਪ੍ਰਬੰਧ ਕਰਨਾ ਹੋਵੇਗਾ।

### (੨) ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ

ਆਪਣੇ ਆਪ ਨੂੰ ਤਿਆਰ ਕਰਨ ਲਈ ਇਸਤਰੀ ਆਪਣੇ ਵਿਚਾਰਾਂ, ਜਜ਼ਬਿਆਂ ਤੇ ਆਦਰਸ਼ਾਂ ਦੇ ਪ੍ਰਚਾਰ ਲਈ ਪਹਿਲੇ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਤੇ ਫਿਰ ਸੰਸਾਰ ਦੀਆਂ ਹੋਰ ਭਾਸ਼ਾਵਾਂ ਨੂੰ ਆਪਣਾ ਮਾਧਿਅਮ ਬਣਾਏ। ਉਸ ਨੇ ਆਪਣੇ ਵਿਚਾਰ ਕਿਸ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨੇ ਹਨ, ਇਸ ਬਾਰੇ ਉਸ ਨੂੰ ਭਾਸ਼ਾਵਾਂ ਦੀ ਡੂੰਘਾਈ ਤੱਕ ਅਧਿਐਨ ਕਰਨਾ ਹੋਵੇਗਾ। ਇੱਕ ਗੱਲ ਹਰ ਸਿੱਖ ਇਸਤਰੀ ਨੂੰ ਭਲੀ ਭਾਂਤ ਸਮਝ ਲੈਣੀ ਚਾਹੀਦੀ ਹੈ ਕਿ ਕਿਸੇ ਵੀ ਕੌਮ ਨੂੰ ਮਾਰਨ ਲਈ ਸਭ ਤੋਂ ਸੌਖਾ ਕੰਮ ਉਸ ਦੀ ਬੋਲੀ ਤੇ ਸਭਿਆਚਾਰ ਤੋਂ ਉਸ ਨੂੰ ਦੂਰ ਕਰਨਾ ਹੈ ਜਾਂ ਉਸਦੀ ਬੋਲੀ ਤੇ ਸਭਿਆਚਾਰ ਨੂੰ ਖ਼ਤਮ ਕਰਨਾ ਹੁੰਦਾ ਹੈ। ਇਸ ਸਬੰਧ ਵਿੱਚ ੧੯੪੭ ਤੋਂ ਪਿਛੋਂ ਭਿੰਨ ਭਿੰਨ ਢੰਗਾਂ ਨਾਲ ਭਾਰਤ ਵਿੱਚ ਇਹ ਕੁਝ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਅਜੇਹੀਆਂ ਕੋਸ਼ਿਸ਼ਾਂ ਅੱਜ ਵੀ ਜਾਰੀ ਹਨ। ਦੂਸਰੇ ਪਾਸੇ ਜਿਹੜੇ ਸਿੱਖ ਭਾਰਤ ਛੱਡ ਕੇ ਦੂਸਰੇ ਦੇਸ਼ਾਂ ਵਿੱਚ ਚਲੇ ਗਏ ਉੱਥੋਂ ਦੀ ਬੋਲੀ ਤੇ ਸਭਿਆਚਾਰ ਦੇ ਪ੍ਰਭਾਵ ਹੇਠ ਉਹ ਆਪਣੀ ਬੋਲੀ ਤੇ ਸਭਿਆਚਾਰ ਵੀ ਛੱਡਦੇ ਜਾ ਰਹੇ ਹਨ। ਜਿੱਥੇ ਵੱਡੀ ਉਮਰ ਦੇ ਅਤੇ ਛੋਟੀ ਉਮਰ ਦੇ ਸਿੱਖ ਆਪਸ ਤੋਂ ਜਜ਼ਬਾਤੀ ਤੌਰ ਉੱਤੇ ਦੂਰ ਹੁੰਦੇ ਜਾ ਰਹੇ ਹਨ ਉੱਥੇ ਇਸ ਦਾ ਅਸਰ ਉਨ੍ਹਾਂ ਦੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਵਿਚਾਰਾਂ ਉਪਰ ਵੀ ਪੈ ਰਿਹਾ ਹੈ। ਪੰਜਾਬੀ ਬੋਲੀ ਤੇ ਗੁਰਮੁਖੀ ਲਿੱਪੀ ਸਿੱਖਾਂ ਲਈ ਇਸ ਕਰਕੇ ਵੀ ਜਾਨਣੀ, ਪੜ੍ਹਨੀ ਤੇ ਲਿਖਣੀ ਜ਼ਰੂਰੀ ਹੈ ਕਿਉਂਕਿ ਬਹੁਤੇ ਸਿੱਖਾਂ ਦੀ ਮਾਂ ਬੋਲੀ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਹੈ। ਬਹੁਤੇ ਸਿੱਖ ਪੰਜਾਬ ਵਿੱਚ ਵੱਸਦੇ ਹਨ। ਉਥੋਂ ਦੀ ਬੋਲੀ ਪੰਜਾਬੀ ਹੈ। ਫਿਰ ਸਿੱਖਾਂ ਦੇ ਲਗ ਭਗ ਸਾਰੇ ਧਰਮ ਗ੍ਰੰਥ ਵੀ ਪੰਜਾਬੀ ਵਿੱਚ ਹਨ। ਦੂਸਰੇ ਕਿਸੇ ਵੀ ਮਜ਼ਬੂਤ ਤੇ ਨਰੋਏ ਵਿਅਕਤਤਵ ਲਈ ਆਪਣੀ ਬੋਲੀ ਤੇ ਸਭਿਆਚਾਰ ਰੀੜ੍ਹ ਦੀ ਹੱਡੀ ਦਾ ਕੰਮ ਕਰਦੀ ਹੈ। ਇਸ ਲਈ ਇਸ ਸਬੰਧੀ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ :--

- ਸਿੱਖ ਪ੍ਰਵਾਰਾਂ ਦੀ ਨਿੱਜੀ, ਸਮਾਜੀ, ਜਜ਼ਬਾਤੀ, ਬੌਧਿਕ, ਧਾਰਮਿਕ ਤੇ ਅਧਿਆਤਮਕ ਸਾਂਝ ਲਈ ਹਰ ਸਿੱਖ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਚਾਹੀਦੀ ਹੈ।
- ਹਰ ਸਿੱਖ ਇਸਤਰੀ ਨੂੰ ਆਪਣੇ ਬੱਚਿਆਂ ਨੂੰ ਪਹਿਲੀ ਬੋਲੀ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਹੀ ਸਿਖਾਉਣੀ ਚਾਹੀਦੀ ਹੈ।
- ਜਿਨ੍ਹਾਂ ਸਿੱਖ ਪਤਨੀਆਂ ਤੇ ਮਾਤਾਵਾਂ ਦੀ ਮਾਂ ਬੋਲੀ ਪੰਜਾਬੀ ਨਹੀਂ, ਉਨ੍ਹਾਂ ਨੂੰ ਇਸ ਪਾਸੇ ਖ਼ਾਸ ਧਿਆਨ ਦੇਣ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਪੂਰੇ ਪੰਜਾਬੀ



www.AKJ.Org

ਸਭਿਆਚਾਰ ਦੀ ਤਸਵੀਰ ਦ੍ਰਿਸ਼ਟਮਾਨ ਹੁੰਦੀ ਹੈ, ਸੋ ਗੁਰੂ ਦੀ ਪੂਰੀ ਸਮਝ ਲਈ ਪੰਜਾਬੀ ਦਾ ਗਿਆਨ ਜ਼ਰੂਰੀ ਹੈ। ਹੋਰ ਡੂੰਘੇ ਗਿਆਨ ਲਈ ਫ਼ਾਰਸੀ ਤੇ ਸੰਸਕ੍ਰਿਤ ਦਾ ਗਿਆਨ ਵੀ ਬਹੁਤ ਲਾਭਵੰਦ ਹੋਵੇਗਾ।

**(੩) ਕਲਾਤਮਿਕ ਪ੍ਰਭਾਵ**

ਮਨੁੱਖ ਵਿੱਚ ਕਲਾਤਮਿਕ ਰੁਚੀਆਂ ਉਜਾਗਰ ਕਰਨ ਨਾਲ ਮਨੁੱਖ ਕੋਮਲ, ਡੂੰਘਾ, ਸੰਤੁਲਤ ਸਹਿਜ ਭਰਪੂਰ, ਸ਼ਾਂਤ ਤੇ ਦ੍ਰਿੜ੍ਹ ਬਣਦਾ ਹੈ। ਅਜੇਹਾ ਮਨੁੱਖ ਹੋਰ ਲੋਕਾਂ ਦੇ ਜਜ਼ਬਿਆਂ ਦੀ ਪ੍ਰਵਾਹ ਕਰਨ ਵੱਲ ਜਾਂਦਾ ਹੈ। ਇਸ ਲਈ ਸਿੱਖ ਇਸਤਰੀ ਨੂੰ ਹੇਠ ਲਿਖੇ ਉਪਰਾਲੇ ਕਰਨੇ ਚਾਹੀਦੇ ਹਨ :-

- ਇਸਤਰੀ ਆਪ ਤੇ ਆਪਣੇ ਪ੍ਰਵਾਰ ਦੇ ਜੀਆਂ ਨੂੰ ਸਾਹਿਤ, ਚਿੱਤਰਕਲਾ ਤੇ ਸੰਗੀਤ ਆਦਿ ਵਿੱਚ ਡੂੰਘੀ ਰੁਚੀ ਪ੍ਰਸਾਰਨ ਲਈ ਉਚੇਚੇ ਜਤਨ ਕਰੇ।
- ਸੰਗੀਤ ਤੇ ਸਾਹਿਤ ਸਭ ਤੋਂ ਮਹਤੱਵਪੂਰਨ ਕਲਾਵਾਂ ਹਨ ਇਹ ਦੋਵੇਂ ਆਤਮਿਕ, ਮਾਨਸਿਕ ਤੇ ਬੌਧਿਕ ਤੱਸਲੀ ਤੇ ਖ਼ੁਸ਼ੀ ਦਾ ਫ਼ੁਹਾਰਾ ਹਨ। ਏਸੇ ਲਈ ਇਸਤਰੀ ਨੂੰ ਆਪਣੇ ਪ੍ਰਵਾਰ ਵਿੱਚ ਸਾਹਿਤ ਦੇ ਪੜ੍ਹਨ ਤੇ ਸੰਗੀਤ ਵਿੱਚ ਰੁਚੀ ਲੈਣ ਹਿੱਤ ਪ੍ਰੇਰਨਾ ਦੇਣੀ ਚਾਹੀਦੀ ਹੈ। ਜਿਹੜਾ ਮਨੁੱਖ ਗਾ ਨਹੀਂ ਸਕਦਾ ਉਹ ਸੰਗੀਤ ਦੇ ਸਾਜ਼ ਸਿੱਖ ਸਕਦਾ ਹੈ। ਇਸ ਨਾਲ ਪ੍ਰਵਾਰਕ ਸਾਂਝ ਵਧਦੀ ਹੈ।
- ਸਿੱਖ ਧਰਮ ਵਿੱਚ ਤਾਂ ਸੰਗੀਤ ਦੀ ਬਹੁਤ ਮਹਾਨਤਾ ਹੈ। ਸਾਰਾ ਗੁਰੂ ਗਰੰਥ ਸਾਹਿਬ ਰਾਗਾਂ ਵਿੱਚ ਹੈ। ਸੰਗੀਤ ਵਿੱਚ ਹਰ ਸਿੱਖ ਦੀ ਦਿਲਚਸਪੀ ਹੈ। ਚੰਗੀ ਪੱਧਰ ਦੇ ਪੰਜਾਬੀ ਲੋਕ ਗੀਤਾਂ ਦਾ ਸ਼ੌਕ ਹਰ ਸਿੱਖ ਨੂੰ ਸਿੱਖ ਸੰਗੀਤ ਵੱਲ ਸੁਭਾਵਿਕ ਹੀ ਲੈ ਜਾਵੇਗਾ। ਕੀਰਤਨ ਕਰਨ ਤੇ ਸੁਣਣ ਦੀ ਰੁਚੀ ਵਧੇਗੀ। ਚੰਗੀ ਪੰਜਾਬੀ ਕਵਿਤਾ ਨੂੰ ਪੜ੍ਹਨ ਤੇ ਸੁਣਨ ਦਾ ਸ਼ੌਕ ਪ੍ਰਵਾਰ ਨੂੰ ਗੁਰਬਾਣੀ ਵੱਲ ਸਹਿਜੇ ਹੀ ਪ੍ਰੇਰੇਗਾ। ਗੁਰਬਾਣੀ ਨੂੰ ਨਿਸਚਿਤ ਰਾਗਾਂ ਵਿੱਚ ਸੁਣਣ ਤੇ ਗਾਉਣ ਨਾਲ ਹਰ ਸਿੱਖ ਨੂੰ ਉੱਚੇ ਆਤਮਿਕ ਮੰਡਲਾਂ ਵੱਲ ਲੈ ਜਾਣ ਲਈ ਪ੍ਰੇਰਨਾ ਮਿਲੇਗੀ। ਇਸ ਤਰ੍ਹਾਂ ਹਰ ਇਸਤਰੀ ਤੇ ਉਸੇ ਦੇ ਪ੍ਰਵਾਰ ਦੀਆਂ ਬਿਰਤੀਆਂ ਉਸਾਰੂ ਹੋਣਗੀਆਂ ਅਤੇ ਸਾਹਿਤ ਤੇ ਸੰਗੀਤ ਦਾ ਇਹ ਮਿਸ਼ਰਣ ਸਭ ਨੂੰ ਰਸਿਕ, ਸੁਹਜਆਤਮਿਕ ਤੇ ਭਾਵ ਆਤਮਿਕ ਬਣਾ ਦੇਵੇਗਾ।

**(੪) ਜਨਮ ਤੋ ਪਹਿਲਾਂ**

ਬੱਚੇ ਦੀ ਜ਼ਿੰਦਗੀ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਉਹ ਉਦਰ ਵਿੱਚ ਬੀਜ ਰੂਪ ਵਿੱਚ ਸਿੰਮਦਾ ਹੈ। ਉਸ ਦਾ ਸਰੀਰ, ਦਿਮਾਗ, ਆਦਤਾਂ, ਸੁਭਾਅ ਤੇ ਪ੍ਰਵਿਰਤੀਆਂ ਉਸ ਸਮੇਂ ਤੋਂ ਹੀ ਬਨਣੀਆਂ ਸ਼ੁਰੂ ਹੋ ਜਾਂਦੀਆਂ ਹਨ। ਮਾਂ ਜੋ ਖਾਂਦੀ ਹੈ, ਪੀਂਦੀ ਹੈ, ਸੋਚਦੀ ਹੈ ਤੇ ਜਿਸ ਤਰ੍ਹਾਂ ਵਿਚਰਦੀ ਹੈ ਉਸ ਸਭ ਕੁਝ ਦਾ ਪ੍ਰਭਾਵ ਬੱਚੇ ਉੱਤੇ ਪੈ ਰਿਹਾ ਹੁੰਦਾ ਹੈ। ਮਿਸਾਲ ਵਜੋਂ ਜੇ ਕਰ ਮਾਂ ਜਾਂ ਪਿਤਾ ਸਿਗਰਟ ਪੀਂਦੇ ਹੋਣ ਜਾਂ ਕਿਸੇ ਹੋਰ ਤਰ੍ਹਾਂ ਦਾ ਨਸ਼ਾ ਕਰਦੇ ਹੋਣ, ਮਾਂ ਮੰਦਾ ਸੋਚੇ, ਗੁੱਸੇ, ਸਾੜੇ, ਚੋਰੀ, ਝੂਠ, ਪਾਖੰਡ ਵਿੱਚ ਆਪਣੀ ਜ਼ਿੰਦਗੀ ਗੁਜ਼ਾਰੇ ਤਾਂ ਨਿਰਸੰਦੇਹ ਇਸ ਦਾ ਪ੍ਰਭਾਵ ਬੱਚੇ ਉੱਪਰ ਜ਼ਰੂਰ ਪਵੇਗਾ। ਪਰ ਇਹ ਗੱਲ ਕੇਵਲ ਇਸਤਰੀ ਉੱਪਰ ਹੀ ਨਿਰਭਰ ਨਹੀਂ। ਇੱਕ ਸਿਹਤਮੰਦ, ਅਰੋਗ ਤੇ ਸੰਤੁਲਤ ਬਾਲਕ ਨੂੰ ਹੋਂਦ ਵਿੱਚ ਲਿਆਉਣ ਲਈ ਪਤੀ ਤੇ ਉਸ ਨਾਲ ਰਹਿੰਦੇ ਪ੍ਰਵਾਰ ਅਤੇ ਮਿਤਰਾਂ ਦਾ ਪ੍ਰਭਾਵ ਵੀ ਪੈਂਦਾ ਹੈ। ਭਾਵ ਕਿ ਜਿਹੋ ਜਿਹਾ ਵਾਤਾਵਰਣ ਉਸ ਸਮੇਂ ਇਸਤਰੀ ਦਾ ਹੋਵੇਗਾ, ਉਹੋ ਜਿਹਾ ਬਾਲਕ ਉਪਜੇਗਾ। ਸੋ ਸ਼ਾਂਤ, ਮਿਠਾਸ ਭਰੇ, ਪਿਆਰ ਭਰਪੂਰ ਤੇ ਆਤਮਕ ਮਾਹੌਲ ਵਿੱਚੋਂ ਉਗਮਿਆ ਬਾਲਕ ਨਿਰਸੰਦੇਹ ਅਰੋਗ ਹੋਵੇਗਾ। ਗੁਰਬਾਣੀ ਤੇ ਸੰਗੀਤ ਦੀ ਫ਼ੁਹਾਰ ਉਸ ਨੂੰ ਆਤਮਿਕ, ਬੌਧਿਕ ਤੇ ਜਜ਼ਬਾਤੀ ਤੌਰ ਤੇ ਬਲਵਾਨ ਬਣਾਏਗੀ। ਇਸ ਤਰ੍ਹਾਂ ਬੱਚੇ ਦੀ ਉਤਪਤੀ ਤੇ ਵਿਕਾਸ ਦੇ ਸੰਦਰਭ ਵਿੱਚ ਸਭ ਤੋਂ ਵੱਧ ਕਰਤਵ ਇਸਤਰੀ ਨੇ ਨਿਭਾਣਾ ਹੈ ਪਰ ਪਤੀ ਤੇ ਘਰ ਦੇ ਬਾਕੀ ਜੀਆਂ ਦਾ ਯੋਗਦਾਨ ਬਹੁਤ ਮਹਤਵ ਪੂਰਨ ਹੈ। ਇਸ ਸਬੰਧੀ ਕੋਤਾਹੀ ਕਰਨ ਵਾਲੇ ਮਾਤਾ ਪਿਤਾ ਆਦਿ ਬਾਲਕ ਨਾਲ ਧਰੋਹ ਕਰਨਗੇ। ਸੋ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਇਸਤਰੀ ਤੇ ਮਰਦ ਦਾ ਕਰਤਵ ਆਰੰਭ ਹੁੰਦਾ ਹੈ ਅਤੇ ਚੰਗਾ ਪੁੱਤਰ, ਧੀ, ਪਤੀ, ਪਤਨੀ, ਮਾਤਾ, ਪਿਤਾ ਆਦਿ ਬਣਾਉਣ ਹਿੱਤ ਉਨ੍ਹਾਂ ਦਾ ਇਹ ਅਮਲ ਸਾਰਾ ਜੀਵਨ ਜਾਰੀ ਰਹਿੰਦਾ ਹੈ।

**(੫) ਸਰੀਰ, ਸਿਹਤ ਤੇ ਘਰ ਦੀ ਸੰਭਾਲ**

ਜ਼ਿੰਦਗੀ ਵਿੱਚ ਹਰ ਮਨੁੱਖ ਲਈ ਅਰੋਗ ਤੇ ਤਾਕਤਵਰ ਸਰੀਰ ਸਭ ਤੋਂ ਮਹਤਵ ਪੂਰਨ ਗੱਲ ਹੈ। ਚੰਗੀ ਸਿਹਤ ਦੇ ਤਿੰਨ ਪੱਖ ਹਨ। ਇਨ੍ਹਾਂ ਵਿੱਚ ਸਰੀਰਕ ਸਿਹਤ, ਮਾਨਸਿਕ ਸਿਹਤ ਤੇ ਸਮਾਜਕ ਸਿਹਤ ਸ਼ਾਮਲ ਹਨ। ਇਨ੍ਹਾਂ ਵਿਚੋਂ ਕਿਸੇ ਇੱਕ ਵਿੱਚ ਕੀਤੀ ਲਾਪਰਵਾਹੀ ਕਿਸੇ ਵੀ ਮਨੁੱਖ ਦੀ ਸ਼ਖ਼ਸੀਅਤ ਨੂੰ ਸੰਤੁਲਤ ਤੇ ਮਜ਼ਬੂਤ ਨਹੀਂ ਬਣਾਏਗੀ। ਇਸ ਸਭ ਕੁਝ ਦੀ ਪ੍ਰਾਪਤੀ ਲਈ ਨਿਮਨ ਲਿਖਤ ਕੁਝ ਗੱਲਾਂ ਵੱਲ ਧਿਆਨ ਦੇਣਾ ਅਤੀ ਜ਼ਰੂਰੀ ਹੈ :-

- ਸ਼ਕਤੀਸ਼ਾਲੀ ਸਰੀਰ ਲਈ ਇਸਤਰੀ ਤੇ ਉਸਦੇ ਪ੍ਰਵਾਰ ਦੇ ਸਾਰਿਆਂ ਜੀਆਂ ਲਈ ਸੰਤੁਲਤ ਖ਼ੁਰਾਕ ਸਭ ਤੋਂ ਮਹਤਵ ਪੂਰਨ ਗੱਲ ਹੈ।
- ਇਸ ਖ਼ੁਰਾਕ ਵਿੱਚ ਕੈਫ਼ੀਨ ਦੀ ਵਰਤੋਂ ਬਿਲਕੁਲ ਨਹੀਂ


www.AKJ.Org

ਹੋਣੀ ਚਾਹੀਦੀ। ਇਸ ਦੇ ਫਲ ਸਰੂਪ ਚਾਹ, ਕਾਫ਼ੀ, ਚਾਕਲੇਟ ਤੇ ਉਹ ਸਾਰੇ ਸੋਢੇ ਜਿਨ੍ਹਾਂ ਵਿਚ ਕੈਫੀਨ ਪਾਈ ਜਾਂਦੀ ਹੈ ਉਨ੍ਹਾਂ ਦਾ ਸੇਵਨ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਬਾਕੀ ਨਸ਼ਿਆਂ ਬਾਰੇ ਮਾਂ ਤੇ ਪਤਨੀ ਆਪਣੇ ਬਾਲਕ ਤੇ ਪਤੀ ਨੂੰ ਗੰਭੀਰ ਹੋ ਕੇ ਵਿਵਰਜਤ ਕਰੇ।

• ਭਿੰਨ ਭਿੰਨ ਭੂਮਿਕਾਵਾਂ ਨਿਭਾਉਣ ਲਈ ਇਸਤਰੀ ਤੇ ਮਰਦ ਦੀ ਸੰਤੁਲਿਤ ਖ਼ੁਰਾਕ ਵਿਚ ਕੁਝ ਫ਼ਰਕ ਹੋਵੇਗਾ। ਇਸ ਪਾਸੇ ਖ਼ਾਸ ਧਿਆਨ ਦੇਣ ਦੀ ਲੋੜ ਹੈ।

• ਸਿਹਤਮੰਦ ਸਰੀਰ ਲਈ ਕਸਰਤ ਤੇ ਖੇਡਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਖੇਡ ਤੇ ਕਸਰਤ ਕਲੱਬਾਂ ਬਨਾਉਣੀਆਂ ਚਾਹੀਦੀਆਂ ਹਨ। ਘਰਾਂ ਵਿੱਚ ਵੀ ਕਸਰਤ ਨੂੰ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਨਾਉਣਾ ਚਾਹੀਦਾ ਹੈ। ਲੋਕ ਖੇਡਾਂ ਭਾਵ ਕਿਕਲੀ, ਸ਼ਟਾਪੂ, ਗੁੱਲੀ ਡੰਡਾ, ਕੌਡੀ, ਰੱਸਾ ਕਸ਼ੀ, ਕੁਸ਼ਤੀਆਂ, ਕੋਕਲਾ ਛਪਾਕੀ ਆਦਿ ਪ੍ਰਸਿੱਧ ਹਨ। ਆਧੁਨਿਕ ਖੇਡਾਂ ਵੀ ਸਰੀਰ ਲਈ ਬੜੀਆਂ ਲਾਭਵੰਦ ਹਨ।

• ਅੱਜ ਕਲ ਪਤਲੇ ਹੋਣ ਦੇ ਸ਼ੌਕ ਵਿੱਚ ਕਈ ਇਸਤਰੀਆਂ ਤੇ ਮਰਦ ਸੰਤੁਲਤ ਖ਼ੁਰਾਕ ਨਹੀਂ ਖਾਂਦੇ। ਯੋਗ ਖ਼ੁਰਾਕ ਤੇ ਕਸਰਤ ਮਨੁੱਖ ਨੂੰ ਕਦੇ ਵੀ ਮੋਟਾ ਨਹੀਂ ਹੋਣ ਦੇਂਦੇ।

• ਇਸਤਰੀ ਦੀ ਅਸਲੀ ਖ਼ੂਬਸੂਰਤੀ ਉਸਦੇ ਗੁਣਾਂ ਤੇ ਰਿਸ਼ਟ-ਪੁਸ਼ਟ ਸਰੀਰ ਵਿੱਚ ਹੈ।

• ਗਰਭਵਤੀ ਦੀ ਸੰਤੁਲਤ ਖ਼ੁਰਾਕ ਅਤੇ ਨਵ ਜਨਮੇ ਬੱਚੇ ਦੀ ਮਾਂ ਦੀ ਖ਼ੁਰਾਕ ਵੱਲ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

• ਅੱਜ ਕਲ ਅੰਦਰੂਨੀ ਖ਼ੂਬਸੂਰਤੀ ਨਾਲੋਂ ਬਾਹਰਲੀ ਖ਼ੂਬਸੂਰਤੀ ਵੱਲ ਵਧੇਰੇ ਜ਼ੋਰ ਹੈ। ਚਿਰ ਸਥਾਈ ਚੰਗੇ ਪ੍ਰਭਾਵ ਲਈ ਚੰਗੀਆਂ ਆਦਤਾਂ ਤੇ ਉੱਚੇ ਜੀਵਨ ਦੇ ਪੱਧਰ ਦੀ ਲੋੜ ਹੈ। ਸ਼ਿੰਗਾਰ ਦਾ ਪ੍ਰਭਾਵ ਹਰ ਮਨੁੱਖ ਉੱਪਰ ਪੈਂਦਾ ਹੈ। ਉਤੇਜਤ ਕਰਨ ਵਾਲਾ ਸ਼ਿੰਗਾਰ ਮਨੁੱਖ ਦੀ ਮਾਨਸਿਕ ਤੇ ਅਧਿਆਤਮਕ ਸਿਹਤ ਲਈ ਉਲਾਰ ਪੱਖੀ ਹੁੰਦਾ ਹੈ। ਮਿਸਾਲ ਦੇ ਤੌਰ ਤੇ **ਮਨੁੱਖੀ ਇਤਿਹਾਸ ਵਿਚ ਕੰਨ ਤੇ ਨੱਕਾਂ ਨੂੰ ਛੇਦਣਾ ਭਾਵ ਮੋਰੀਆਂ ਕਰਨਾ ਖ਼ੂਬਸੂਰਤੀ ਵਧਾਉਣ ਦੀ ਥਾਂ ਗ਼ੁਲਾਮੀ ਦੀ ਨਿਸ਼ਾਨੀ ਗਿਣਿਆਂ ਜਾਂਦਾ ਸੀ।** ਪਤਾ ਨਹੀਂ ਹੁਣ ਮਨੁੱਖ ਗ਼ੁਲਾਮ ਕਿਉਂ ਬਨਣਾ ਲੋਚਦਾ ਹੈ? ਹਾਲੇ ਕੁਝ ਦਹਾਕੇ ਪਹਿਲਾਂ ਹੀ ਸਿੰਘ ਸਭਾ ਲਹਿਰ ਸਮੇਂ ਸਿੱਖ ਕੁੜੀਆਂ ਦੀ ਬਹੁ ਗਿਣਤੀ ਨਾਂ ਕੰਨ ਛਿਦਵਾਂਦੀ ਸੀ ਤੇ ਨਾਂ ਹੀ ਨੱਕ। ਸੋ ਹੁਣ ਇਸਤਰੀ ਨੂੰ ਸਾਮਿਅਕ ਖਿੱਚ ਦੇ ਸਾਧਨ ਲੱਭਣ ਦੀ ਥਾਂ ਖਿੱਚ ਤੇ ਆਕਰਸ਼ਨ ਲਈ ਪੱਕੇ ਤੇ ਨਿਗਰ ਸਾਧਨ ਲੱਭਣ ਦੀ ਲੋੜ ਹੈ। ਸਿੱਖ ਇਸਤਰੀ ਨੂੰ ਸੁਹਪਣ ਦੇ ਸੰਸਾਰਿਕ ਸੰਕਲਪ ਤੋਂ ਵੱਖ ਗੁਰਮੱਤ ਦੇ ਸੰਕਲਪ ਦਾ ਧਾਰਨੀ ਹੋਣਾ ਚਾਹੀਦਾ ਹੈ।

• ਖ਼ੁਰਾਕ ਦੀ ਤਿਆਰੀ ਇੱਕ ਮਹਤਵ ਪੂਰਨ ਕੰਮ ਹੈ। ਆਧੁਨਿਕ ਇਸਤਰੀ ਦੀ ਮਸਰੂਫ਼ੀਅਤ ਵੱਧ ਜਾਣ ਕਰਕੇ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਉਹ ਅਜੇਹੀ ਖ਼ੁਰਾਕ ਤਿਆਰ ਕਰਨੀ ਸਿੱਖੇ ਜਿਸ ਨਾਲ ਉਸ ਵਿਚਲੇ ਪੌਸ਼ਟਿਕ ਤੱਤ (Nutritive Values) ਸਥਿਰ ਰਹਿਣ। ਇਸ ਲਈ ਹਰ ਇਸਤਰੀ ਨੂੰ ਰਸੋਈ ਦੀ ਸਿਖਲਾਈ ਲੈਣੀ ਚਾਹੀਦੀ ਹੈ।

• ਪੜ੍ਹਾਈ ਤੇ ਨੌਕਰੀਆਂ ਤੇ ਵਪਾਰ ਕਰਨ ਵਾਲੀਆਂ ਇਸਤਰੀਆਂ ਨੂੰ ਸਮਾਂ ਘੱਟ ਮਿਲਣ ਕਰਕੇ ਪੈਸਾ ਤੇ ਸਮਾਂ ਬਚਾਉਣ ਲਈ ਘਰ ਦੀ ਸਾਂਭ ਸੰਭਾਲ ਤੇ ਸਿਲਾਈ ਦੇ ਆਰੰਭਕ ਕੋਰਸ ਕਰਨੇ ਚਾਹੀਦੇ ਹਨ।

• ਹਰ ਕੰਮ ਕਰਨ ਵਾਲੀ ਇਸਤਰੀ ਦੀ ਘਰ ਦੀ ਸਾਂਭ ਸੰਭਾਲ ਜਾਂ ਕੰਮ ਨਾ ਕਰਨ ਦੀ ਸੂਰਤ ਵਿੱਚ ਗਰਭਵਤੀ ਜਾਂ ਬਿਮਾਰ ਇਸਤਰੀ ਦੀ ਅਵਸਥਾ ਵਿੱਚ ਘਰ ਦੇ ਮਰਦਾਂ ਤੇ ਮੁੰਡਿਆਂ ਦਾ ਘਰ ਦੇ ਸਾਰੇ ਕੰਮਾਂ ਵਿੱਚ ਹੱਥ ਵਟਾਉਣਾ ਜ਼ਰੂਰੀ ਹੈ। ਜੇ ਕਦੇ ਘਰ ਵਿੱਚ ਵਧੇਰੇ ਕੰਮ ਹੋ ਜਾਏ ਤਾਂ ਇਸਤਰੀ ਦੇ ਨਾਲ ਮਰਦ ਵੀ ਘਰ ਦੇ ਕੰਮ ਕਾਜ ਵਿੱਚ ਸਹਾਇਤਾ ਕਰੇ। ਇਸ ਨਾਲ ਘਰ ਦਾ ਮਾਹੌਲ ਵਧੇਰੇ ਖ਼ੁਸ਼ਗਵਾਰ ਤੇ ਸੁਖੀ ਹੋਵੇਗਾ ਅਤੇ ਇਸਤਰੀ ਆਪਣਾ ਬਚਿਆ ਸਮਾਂ ਹੋਰ ਉਸਾਰੂ ਕੰਮਾਂ ਵੱਲ ਲਾ ਸਕੇਗੀ।

**(੬) ਧਾਰਮਿਕ ਤੇ ਅਧਿਆਤਮਿਕ**

ਇਹ ਖ਼ੁਸ਼ਗਵਾਰ ਮਾਹੌਲ ਹੋਰ ਵੀ ਚੰਗੇਰਾ ਹੋ ਜਾਵੇਗਾ ਜਦੋਂ ਕਿ ਸਿੱਖ ਇਸਤਰੀ ਧਾਰਮਿਕ ਤੇ ਅਧਿਆਤਮਿਕ ਤੌਰ ਪੁਰ ਆਪਣੇ ਆਪ ਅਤੇ ਆਪਣੇ ਪਰਵਾਰ ਨੂੰ ਮਜ਼ਬੂਤ ਕਰੇਗੀ। ਇਹ ਕੁਝ ਕਰਨ ਲਈ ਹੇਠ ਲਿਖੇ ਕੁਝ ਯਤਨ ਕਰਨੇ ਜ਼ਰੂਰੀ ਹਨ :-

• ਜਨਮ ਤੋਂ ਹੀ ਬੱਚੇ ਦੀ ਪ੍ਰਵਰਸ਼ ਸ਼ਬਦ ਦੀ ਲੋਰੀ, ਸਿੱਖ ਇਤਿਹਾਸ ਵਿਚੋਂ ਸਾਖੀਆਂ, ਚੰਗੀਆਂ ਕਹਾਣੀਆਂ ਤੇ ਗੀਤਾਂ ਰਾਹੀਂ ਕੀਤੀ ਜਾਵੇ।

• ਅੰਮ੍ਰਿਤ ਵੇਲੇ ਉਠੱਣਾ ਭਾਵ ਤੜਕੇ ਉਠਣਾ ਤੇ ਬੱਚਿਆਂ ਨੂੰ ਉਠਾਣਾ ਘਰ ਦੇ ਮਾਹੌਲ ਨੂੰ ਸੁਖਾਵਾਂ ਬਣਾਵੇਗਾ। ਇਕ ਅੰਗਰੇਜ਼ੀ ਦੀ ਕਹਾਵਤ ਅਨੁਸਾਰ ਰਾਤ ਛੇਤੀ ਸੌਣ ਨਾਲ ਤੇ ਸਵੇਰੇ ਛੇਤੀ ਉਠਣ ਨਾਲ ਮਨੁੱਖ ਸਿਹਤ ਮੰਦ, ਅਮੀਰ ਤੇ ਸਿਆਣਾ ਬਣਦਾ ਹੈ। ਸੋ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ" ਦੇ ਗਾਡੀ ਰਾਹ ਉੱਪਰ ਚੱਲਣ ਨਾਲ ਸੁੱਖ ਪ੍ਰਾਪਤ ਹੋਵੇਗਾ। ਸਿਮਰਨ ਤੇ ਪਾਠ ਲਈ ਸਮਾਂ ਵੀ ਮਿਲ ਜਾਵੇਗਾ।

• ਰੋਜ਼ਾਨਾ ਸਿਮਰਨ ਤੇ ਪਾਠ ਕਰਨ ਦੇ ਨਾਲ ਨਾਲ ਛੁੱਟੀਆਂ ਵਿੱਚ ਬੱਚਿਆਂ ਦੇ ਕੈਂਪ, ਮਾਤਾ ਪਿਤਾ ਦੇ ਕੈਂਪ,



www.AKJ.Org

ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ, ਕੀਰਤਨ ਤੇ ਕਵੀ ਦਰਬਾਰ, ਸੈਮੀਨਾਰ, ਲੈਕਚਰ, ਗੋਸ਼ਟੀਆਂ ਆਦਿ ਦਾ ਪ੍ਰਬੰਧ ਕਰਕੇ ਜਿੱਥੇ ਆਪਣੇ ਬੱਚਿਆਂ ਦੇ ਮਨੋਰੰਜਨ ਦਾ ਖ਼ਿਆਲ ਕੀਤਾ ਜਾਵੇ ਉੱਥੇ ਸਿੱਖ ਇਸਤਰੀ ਤੇ ਉਸ ਦੇ ਪ੍ਰਵਾਰ ਨੂੰ ਧਾਰਮਿਕ ਤੇ ਅਧਿਆਤਮਿਕ ਮਾਹੌਲ ਵਿੱਚ ਜੀਵਨ ਗੁਜ਼ਾਰਨ ਦਾ ਮੌਕਾ ਮਿਲ ਜਾਵੇਗਾ।

* ਇਸਤਰੀ ਖ਼ੁਦ ਅਤੇ ਆਪਣੇ ਪ੍ਰਵਾਰ ਨੂੰ ਸਿੱਖ ਇਤਿਹਾਸ, ਸਿੱਖ ਦਰਸ਼ਨ, ਸਿੱਖ ਰਹਿਤਨਾਮਿਆਂ ਅਤੇ ਸਿੱਖ ਰਸਮਾਂ ਰਿਵਾਜਾਂ ਬਾਰੇ ਭਰਪੂਰ ਜਾਣਕਾਰੀ ਗ੍ਰਹਿਣ ਕਰੇ ਤੇ ਕਰਵਾਵੇ।
* ਗੁਰਬਾਣੀ ਦੇ ਸ਼ੁਧ ਉਚਾਰਣ, ਕੀਰਤਨ ਤੇ ਸਿੱਖ ਇਤਿਹਾਸ ਦੇ ਮੁਕਾਬਲਿਆਂ ਵਿੱਚ ਇਸਤਰੀ ਤੇ ਉਸ ਦਾ ਪ੍ਰਵਾਰ ਹਿੱਸਾ ਲਵੇ।
* ਸਿੱਖ ਇਸਤਰੀ ਖ਼ੁਦ ਅੰਮ੍ਰਿਤ ਛਕੇ ਤੇ ਆਪਣੇ ਪਤੀ ਤੇ ਪ੍ਰਵਾਰ ਨੂੰ ਅੰਮ੍ਰਿਤ ਛਕਣ ਲਈ ਤਿਆਰ ਕਰੇ। ਅੰਮ੍ਰਿਤ ਆਧੁਨਿਕ ਜੀਵਨ ਵਿੱਚ ਕੋਈ ਰੁਕਾਵਟ ਨਹੀਂ ਸਗੋਂ ਆਧੁਨਿਕ ਜੀਵਨ ਵਿੱਚ ਅੰਮ੍ਰਿਤ ਦੀ ਦਾਤ ਸਿੱਖ ਨੂੰ ਵਧੇਰੇ ਜਥੇਬੰਦ ਬਣਾਉਂਦੀ ਹੈ। ਆਪਣੇ ਉਸਾਰੂ ਵਿਚਾਰਾਂ ਦੇ ਧਰਮ ਦੇ ਗੌਰਵ ਨੂੰ ਛੱਡ ਕੇ ਝੂਠੀ ਚਮਕ ਤੇ ਭ੍ਰਿਸ਼ਟ ਜੀਵਨ ਬਤੀਤ ਕਰਨ ਵਿੱਚ ਆਧੁਨਿਕਤਾ ਨਹੀਂ ਹੁੰਦੀ। ਸੋ ਇਸ ਤਰ੍ਹਾਂ ਸਿੱਖ ਇਸਤਰੀ ਸਰੀਰ, ਸਿਹਤ ਤੇ ਘਰ ਦੀ ਸਮੁੱਚੀ ਸਾਂਭ ਸੰਭਾਲ ਕਰਦਿਆਂ ਖ਼ੁਦ ਤੇ ਪ੍ਰਵਾਰ ਨੂੰ ਧਾਰਮਿਕ, ਅਧਿਆਤਮਿਕ ਅਤੇ ਸਦਾਚਾਰਕ ਤੇ ਸਮਾਜਕ ਸਿਖਰਾਂ ਉੱਪਰ ਲਿਜਾ ਸਕਦੀ ਹੈ।

**(੭) ਸਦਾਚਾਰਕ ਤੇ ਸਮਾਜਕ**

ਜਦੋਂ ਤੱਕ ਮਨੁੱਖ ਸਦਾਚਾਰਕ ਤੇ ਸਮਾਜਕ ਤੌਰ ਤੇ ਵਿਕਾਸ ਨਹੀਂ ਕਰਦਾ, ਉਸ ਦੀ ਹੋਰ ਸਾਰੇ ਪੱਖਾਂ ਤੋਂ ਉਨਤੀ ਅੰਤ ਵਿੱਚ ਨਿਰਾਰਥਕ ਹੋ ਕੇ ਰਹਿ ਜਾਂਦੀ ਹੈ। ਇਸ ਲਈ ਗੁਰਮਤ ਅਨੁਸਾਰ ਗੁਰਮੁੱਖਾਂ ਵਾਲੀ ਇੱਕੋ ਹੀ ਕਥਨੀ ਤੇ ਕਰਨੀ ਸਰਬਪੱਖੀ ਉਨਤੀ ਲਈ ਜ਼ਰੂਰੀ ਹੈ। ਇਸ ਦੀ ਪ੍ਰਾਪਤੀ ਲਈ ਹੇਠ ਲਿਖੇ ਯਤਨ ਕਰਨੇ ਜ਼ਰੂਰੀ ਹਨ:

* ਸੁੱਚਾ ਆਚਾਰ ਸਭ ਤੋਂ ਉੱਤਮ ਗੱਲ ਹੈ।
* ਰਹਿਣ ਸਹਿਣ ਦੇ ਪੱਧਰ ਨੂੰ ਉੱਚਾ ਕਰਨ ਲਈ ਕਦੇ ਵੀ ਜੀਵਨ ਪੱਧਰ ਨੂੰ ਨੀਵਾਂ ਨਹੀਂ ਕਰਨਾ ਚਾਹੀਦਾ।
* ਨਿੱਜੀ ਗੁਣਾਂ ਨੂੰ ਸਮਾਜਕ ਗੁਣਾਂ ਵਿੱਚ ਬਦਲਿਆ ਜਾਵੇ।
* ਚੌਧਰ, ਸਾੜਾ, ਧੜੇਬੰਦੀਆਂ, ਨਿੰਦਿਆ ਆਦਿ ਨੂੰ ਛੱਡ ਕੇ ਜੀਵਨ ਨੂੰ ਤਿਆਗ , ਸੇਵਾ, ਸਹਿਜ ਤੇ ਸੰਸਾਰ ਦੇ ਭਲੇ ਲਈ ਗੁਜ਼ਾਰਿਆ ਜਾਵੇ।
* ਬਿਰਧ ਘਰ, ਪਿੰਗਲਵਾੜੇ, ਯਤੀਮ ਖ਼ਾਨੇ ਤੇ ਨੇਤਰ ਹੀਣ ਘਰਾਂ ਦੀ ਸੇਵਾ ਸੰਭਾਲ ਤੇ ਪ੍ਰਬੰਧ ਵਿੱਚ ਇਸਤਰੀ ਪ੍ਰਮੁੱਖ ਹਿੱਸਾ ਪਾਵੇ।
* ਸਿੱਖ ਇਸਤਰੀ ਅਜਿਹੇ ਸਮਾਜ ਨੂੰ ਹੋਂਦ ਵਿੱਚ ਲਿਆਵੇ ਜਿਸ ਵਿੱਚ ਖਿਮਾਂ, ਉਦਾਰਤਾ ਤੇ ਸੰਜਮ ਪ੍ਰਮੁੱਖ ਹੋਣ।
* ਹੁਣ ਸਿੱਖ ਸਮਾਜ ਫਿਰ ਬ੍ਰਾਹਮਣ ਸਾਮਰਾਜ ਦੇ ਘਟੀਆ ਪ੍ਰਭਾਵ ਹੇਠ ਆ ਚੁੱਕਾ ਹੈ। ਏਸੇ ਕਰਕੇ ਜ਼ਾਤ-ਪਾਤ ਦਾ ਘੁਣ ਪੰਥ ਨੂੰ ਬੁਰੀ ਤਰ੍ਹਾਂ ਖਾ ਰਿਹਾ ਹੈ। ਇਸ ਲਈ ਗੁਰਦੁਆਰਿਆਂ, ਸਿੱਖ ਜਥੇਬੰਦੀਆਂ ਤੇ ਹੋਰ ਰਾਜਨੀਤਕ ਤੇ ਸਮਾਜਕ ਸੰਸਥਾਵਾਂ ਵਿੱਚ ਇਹ ਘਟੀਆ ਬਿਰਤੀ ਉੱਭਰ ਕੇ ਪ੍ਰਤੱਖ ਨਜ਼ਰ ਆ ਰਹੀ ਹੈ। ਹੁਣ ਹਾਲਤ ਇਤਨੀ ਨਿੱਘਰ ਚੁੱਕੀ ਹੈ ਕਿ ਗੁਰਦੁਆਰਿਆਂ ਦੇ ਗ੍ਰੰਥੀ, ਰਾਗੀ ਤੇ ਪ੍ਰਚਾਰਕ ਆਮ ਤੌਰ ਤੇ ਜ਼ਾਤਾਂ ਦੇ ਨਾਮ ਲੈ ਕੇ ਅਰਦਾਸਾਂ ਕਰਦੇ ਹਨ। ਗੁਰਦੁਆਰਿਆਂ ਦੇ ਸੇਵਾਦਾਰ ਜਾਂ ਅਖੌਤੀ ਪ੍ਰਬੰਧਕ ਜ਼ਾਤਾਂ ਪਾਤਾਂ ਅਨੁਸਾਰ ਧੜੇਬੰਦੀਆਂ ਬਣਾਉਂਦੇ ਹਨ। ਸਿੱਖ ਨੀਤੀਵਾਨ ਕੌਮ ਨੂੰ ਜ਼ਾਤਾਂ ਦੇ ਆਧਾਰ ਪੁਰ ਵੰਡ ਰਹੇ ਹਨ। ਚੋਣਾਂ ਵਿੱਚ ਤਾਂ ਇਸ ਸਬੰਧੀ ਬੜੀ ਨੀਵੀਂ ਪੱਧਰ ਦੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੋਟਾਂ ਵੀ ਚੰਗੇ ਮਨੁੱਖ ਦੀ ਥਾਂ ਆਮ ਤੌਰ ਤੇ ਜ਼ਾਤ ਪਾਤ ਵੇਖ ਕੇ ਦਿੱਤੀਆਂ ਜਾਂਦੀਆਂ ਹਨ। ਸਿੱਖ ਸਿਆਸਤਦਾਨ ਭਾਰਤ ਦੇ ਬ੍ਰਾਮਣਵਾਦ ਨੂੰ ਆਪਣਾ ਸਭ ਤੋਂ ਵੱਡਾ ਦੋਖੀ ਕਹਿੰਦੇ ਹਨ। ਇਸ ਦੋਖੀ ਦਾ ਤਾਂ ਇਲਾਜ ਹੋ ਜਾਵੇਗਾ ਪਰ ਜਿਹੜਾ ਦੋਖੀ ਅੱਜ ਸਿੱਖਾਂ ਦੇ ਅੰਦਰ, ਜੱਟ, ਭਾਪਾ, ਸ਼ਹਿਰੀ, ਪੇਂਡੂ, ਖੱਤਰੀ, ਅਰੋੜਾ, ਰਾਮਗੜ੍ਹੀਆ, ਲੁਬਾਣਾ ਤੇ ਪਤਾ ਨਹੀਂ ਕੀ ਕੀ-ਇਸ ਸਵੈ ਦੁਸ਼ਮਣੀ ਤੋਂ ਸਿੱਖਾਂ ਨੂੰ ਕੇਵਲ ਇਸਤਰੀ ਹੀ ਬਚਾ ਸਕਦੀ ਹੈ। ਜਨਮ ਤੋਂ ਲੈ ਕੇ ਹਰ ਸਿੱਖ ਨੂੰ ਸਿੱਖੀ ਸਿਧਾਂਤਾਂ ਨੂੰ ਸਾਹਮਣੇ ਰੱਖ ਕੇ ਪਾਲਿਆ ਜਾਵੇ। ਇਨ੍ਹਾਂ ਸਿੱਖੀ ਅਸੂਲਾਂ ਵਿੱਚ ਤਾਂ ਮਨੁੱਖ ਦੀ ਏਕਤਾ ਤੇ ਬਰਾਬਰਤਾ ਦੀ ਗੱਲ ਕੀਤੀ ਗਈ ਹੈ। ਫਿਰ ਸਿੱਖ ਆਪਸ ਵਿੱਚ ਕਿਉਂ ਵੰਡੇ ਜਾਣਗੇ? ਇਸਤਰੀ ਇਸ ਨਫ਼ਰਤ ਨੂੰ ਖ਼ਤਮ ਕਰਕੇ ਸਾਰੀ ਕੌਮ ਨੂੰ ਇਕ ਕੜੀ ਵਿੱਚ ਪਰੋਵੇ।
* ਸਿੱਖਾਂ ਵਿੱਚ ਸ਼ਾਦੀਆਂ ਤੇ ਬਾਕੀ ਰਿਸ਼ਤੇ ਸਿੱਖ ਸਿਧਾਂਤਾਂ ਅਨੁਸਾਰ ਗੰਢੇ ਜਾਣ ਨਾਂ ਕਿ ਜ਼ਾਤ ਪਾਤ ਉੱਪਰ ਆਧਾਰਤ ਕੀਤੇ ਜਾਣ। ਰਹਿਤਨਾਮੇ ਇਸ ਬਾਰੇ ਬੜੀ ਸਪਸ਼ਟ ਸੇਧ ਦੇਂਦੇ ਹਨ।

ਸੋ ਸਿੱਖ ਇਸਤਰੀ ਸਦਾਚਾਰਕ ਤੇ ਸਮਾਜਕ ਗੁਣਾਂ ਨੂੰ ਉਜਾਗਰ ਕਰਨ ਲਈ ਨਿੱਜੀ ਤੇ ਜਥੇਬੰਦਕ ਉਪਰਾਲੇ ਕਰੇ। ਇਹ ਉਪਰਾਲੇ ਤਾਂ ਹੀ ਸਫਲ ਹੋ ਸਕਦੇ ਹਨ ਜੇ ਕਰ ਉਸਦੀ ਵਿਦਿਆ ਸਤੁੰਲਤ ਤੇ ਅੰਤਰ ਮੁਖੀ ਹੋਵੇਗੀ।

(ਚਲਦਾ)



www.AKJ.Org

# ਗੁਰਮਤਿ ਬਿਬੇਕ ਤੇ ਸੁੱਚ ਭਿੱਟ

(ਭਾਈ ਸੇਵਾ ਸਿੰਘ ਜੀ)

'ਗੁਰਮਤਿ ਪ੍ਰਕਾਸ਼' ਮਈ ੧੯੯੫ ਵਿਚ ਸਾਡੇ ਵੀਰ ਚਮਕੌਰ ਸਿੰਘ ਜੀ ਨੇ ਬਿਬੇਕ ਦੇ ਲੰਗਰ ਨੂੰ ਨਿਰਾ "ਸੁੱਚ ਭਿੱਟ" ਨਾਲ ਜੋੜ ਕੇ, ਉਸ ਨੂੰ ਗਲਤ ਰੂਪ ਵਿਚ ਪੇਸ਼ ਕੀਤਾ ਹੈ ਅਤੇ ਬਿਬੇਕ ਦੇ ਲੰਗਰ ਦਾ ਮਖ਼ੌਲ ਉਡਾਇਆ ਹੈ, ਜੋ ਕਿ ਅਯੋਗ ਹੈ।

ਪ੍ਰੋਫੈਸਰ ਪੂਰਨ ਸਿੰਘ ਜੀ 'ਖੁਲ੍ਹੇ ਮੈਦਾਨ', 'ਖੁਲ੍ਹੇ ਲੇਖ' ਅਤੇ 'ਖੁਲ੍ਹੇ ਘੁੰਡ' ਖੋਲ੍ਹਣ ਵਾਲੇ ਆਕਾਸ਼-ਮੰਡਲਾਂ ਵਿਚ ਵਿਚਰਨ ਵਾਲੇ ਲਿਖਾਰੀ ਹਨ। ਉਹ ਆਪਣੇ ਲੇਖ "ਸਤਿਗੁਰਾਂ ਦਾ ਇਲਾਹੀ ਲੰਗਰ" ਵਿਚ ਲਿਖਦੇ ਹਨ-

"ਬਾਣੀ ਪੜ੍ਹਦੇ ਪੜ੍ਹਦੇ ਲੰਗਰ ਤਿਆਰ ਹੁੰਦਾ ਹੈ, ਸਤਿਗੁਰੂ ਆਂਵਦੇ ਹਨ, ਪ੍ਰਸ਼ਾਦ ਪਾਉਂਦੇ ਹਨ ਤੇ ਸੀਤ ਪ੍ਰਸ਼ਾਦ ਸਭ ਸੰਗਤਾਂ ਛਕਦੀਆਂ ਹਨ।

ਬਾਬੇ ਦੇ ਲੰਗਰ ਵਿਚ ਜਾਤ-ਪਾਤ ਦੀ ਬਾਵਲੀ ਧੋਬੀਆਂ ਵਾਲੀ ਛੂੰ ਛੀਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲੰਗਰ ਹੈ, ਇਹ ਬਾਦਸ਼ਾਹ ਦਾ ਲੰਗਰ ਹੈ, ਇਥੇ ਲੰਡੀ ਬੁਚੀ ਪਰ ਨਹੀਂ ਮਾਰ ਸਕਦੀ। ਇਹ ਫਕੀਰਾਂ ਪੀਰਾਂ ਮੀਰਾਂ ਦਾ ਲੰਗਰ ਹੈ, ਜਿਸ ਦੇ ਦਰਵਾਜ਼ੇ 'ਤੇ ਸ਼ੇਰ ਪਹਿਰਾ ਦੇਂਦੇ ਹਨ। ਇਸ ਲੰਗਰ ਵਿਚ ਖੰਡਾ ਲਿਸ਼ਕਦਾ ਹੈ, ਇਹ ਡਾਢਿਆਂ ਦਾ ਲੰਗਰ ਹੈ, ਇਥੇ ਜ਼ੋਰ ਵਾਲੇ ਤੇ ਡਾਢੇ ਪ੍ਰਸ਼ਾਦ ਛਕਦੇ ਹਨ-'ਤਿਥੈ ਜੋਧ ਮਹਾਬਲ ਸੂਰ।'

ਗੁਰੂ ਕੇ ਸਿੰਘ ਤਿਆਰ-ਬਰ-ਤਿਆਰ ਕਮਰਕਸੇ ਸਿਪਾਹੀ ਹਨ, ਅੰਨ ਮਨ ਤਨ ਦੇ ਫ਼ਿਕਰ ਇਹਨਾਂ ਇਲਾਹੀ ਲੋਕਾਂ ਦੇ ਫ਼ਿਕਰ ਨਹੀਂ।"

ਗੁਰੂ ਕੇ ਲੰਗਰ ਵਿਚ ਜਾਤ-ਪਾਤ, ਊਚ ਨੀਚ ਤੇ ਵੱਡੇ ਛੋਟੇ ਦੀ ਛੂਤ ਛਾਤ ਨਹੀਂ ਹੈ, ਪਰ ਪਵਿਤਰਤਾ ਅਤੇ ਸਵੱਛਤਾ ਤੋਂ ਮੂੰਹ ਕਿਵੇਂ ਮੋੜਿਆ ਜਾ ਸਕਦਾ ਹੈ, ਜਦ ਗੁਰਬਾਣੀ ਵਿਚ ਸਪੱਸ਼ਟ ਹੁਕਮ ਮਿਲ ਰਹੇ ਹਨ-

**ਸਤੁ ਸੰਤੋਖੁ ਦਇਆ ਧਰਮੁ ਸੁਚਿ,**
**ਸੰਤਨ ਤੇ ਇਹੁ ਮੰਤੁ ਲਈ॥**
**ਕਹੁ ਨਾਨਕ ਜਿਹਿ ਮਨਹੁ ਪਛਾਨਿਆ**
**ਤਿਨ ਕਉ ਸਗਲੀ ਸੋਝ ਪਈ॥੨॥੪॥੯੦॥**

(ਪੰਨਾ ੮੨੨)

(ਸਿੱਖ ਅੰਮ੍ਰਿਤ-ਧਾਰੀ ਹੋ ਕੇ ਹੀ 'ਗੁਰੂ ਕਾ ਸਿਖ' ਹੋ ਸਕਦਾ ਹੈ। ਸਿਖ ਦਾ ਵਰਤੋਂ-ਵਿਹਾਰ ਤੇ ਖਾਣ ਪੀਣ ਸਿਖ ਨਾਲ ਹੀ ਹੋ ਸਕਦਾ ਹੈ। ਜਿਸ ਲੰਗਰ ਵਿਚ ਬੇ-ਅੰਮ੍ਰਿਤੀਏ ਵੀ ਲੰਗਰ ਤਿਆਰ ਕਰਨ ਵਾਲੇ ਹੋਣ, ਉਹ ਗੁਰੂ ਕਾ ਲੰਗਰ ਕਿਵੇਂ ਹੋ ਸਕਦਾ ਹੈ। ਬੇ-ਅੰਮ੍ਰਿਤੀਆਂ ਦਾ ਤਿਆਰ ਕੀਤਾ ਲੰਗਰ ਬਿਬੇਕ ਦਾ ਲੰਗਰ ਨਹੀਂ ਹੋ ਸਕਦਾ। ਗੱਲ ਸੁੱਚ-ਭਿੱਟ ਦੀ ਨਹੀਂ, ਗੱਲ ਬੇ-ਅੰਮ੍ਰਿਤੀਏ ਹੱਥੋਂ ਤਿਆਰ ਹੋਏ ਲੰਗਰ ਦੀ ਹੈ। ਬੇ-ਅੰਮ੍ਰਿਤੀਆਂ ਦੇ ਹੱਥੋਂ ਤਿਆਰ ਹੋਏ ਲੰਗਰ ਨੂੰ ਸਤਿਗੁਰੂ ਦੀ ਆਗਿਆ ਪਾਲਨ ਵਾਲੇ ਸਿਖ ਕਿਵੇਂ ਛਕ ਸਕਦੇ ਹਨ ?)

ਪ੍ਰੋਫੈਸਰ ਪੂਰਨ ਸਿੰਘ ਜੀ ਦੇ ਕਥਨ ਅਨੁਸਾਰ ਗੁਰੂ ਕੇ ਲੰਗਰ ਤਿਆਰ ਕਰਨ ਵਾਲੇ ਤਿਆਰ-ਬਰ-ਤਿਆਰ ਸਿੰਘ ਹੋਣੇ ਚਾਹੀਦੇ ਹਨ, ਸਵੱਛਤਾ ਤੇ ਪਵਿਤਰਤਾ ਦਾ ਧਿਆਨ ਰਖਣਾ ਵੀ ਜ਼ਰੂਰੀ ਹੈ, ਤਾਹੀਓਂ ਸਤਿਗੁਰੂ ਉਸ ਲੰਗਰ ਨੂੰ ਪਰਵਾਨ ਕਰਦੇ ਹਨ। ਸਾਨੂੰ ਇਸ ਗੱਲ ਨੂੰ ਪਰਚਾਰਨ ਦੀ ਲੋੜ ਹੈ ਕਿ ਗੁਰੂ ਕੇ ਲੰਗਰ ਤਿਆਰ ਕਰਨ ਅਤੇ ਵਰਤਾਉਣ ਦੀ ਸੇਵਾ ਕਰਨ ਵਾਲੇ ਸਭੇ ਹੀ ਅੰਮ੍ਰਿਤ-ਧਾਰੀ, ਗੁਰੂ ਕੀ ਰਹਿਤ ਰਹਿਣੀ ਦੇ ਧਾਰਨੀ ਗੁਰੂ ਕੇ ਸਿਖ ਹੀ ਹੋਣੇ ਚਾਹੀਦੇ ਹਨ। ਬੇ-ਅੰਮ੍ਰਿਤੀਏ ਵੀਰ ਹੋਰ ਸੇਵਾ ਕਰਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਦੇ ਹਨ, ਜਿਹਾ ਕਿ ਬਰਤਨ ਮਾਂਜਣ , ਸਬਜ਼ੀਆਂ ਭਾਜੀਆਂ ਚੀਰਨ ਕੱਟਣ, ਆਟਾ ਛਾਨਣ ਆਦਿ ਦੀ ਸੇਵਾ ਹੋ ਸਕਦੀ ਹੈ।

ਬੇ-ਅੰਮ੍ਰਿਤੀਏ ਹੱਥੋਂ ਤਿਆਰ ਕੀਤੇ ਲੰਗਰ ਨੂੰ ਨਾ ਛਕਣ ਵਾਲਿਆਂ ਨੂੰ ਸੁੱਚ-ਭਿੱਟ ਦੇ ਹੈਡਿੰਗ ਹੇਠ ਭੰਡਣਾ ਗੁਰ-ਹੁਕਮਾਂ ਤੋਂ ਮੂੰਹ ਮੋੜਨ ਵਾਲੀ ਗੱਲ ਹੈ-

**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥**
**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥੧॥**

(੧੪) (ਪੰਨਾ ੭੯੦)

---

**ਵਿਦੇਸ਼ਾਂ ਵਿੱਚ ਰਹਿੰਦੇ ਵੀਰ ਭੈਣਾਂ ਜੋ ਆਪਣੇ ਪ੍ਰਵਾਰ ਨੂੰ ਗੁਰਮਤਿ ਨਾਲ ਜੋੜਨਾ ਚਾਹੁੰਦੇ ਹਨ ਅਤੇ "ਸੂਰਾ" ਮਾਸਿਕ ਪੱਤਰ ਪੜ੍ਹਨ ਪੜ੍ਹਾਉਣ ਵਿੱਚ ਰੁਚੀ ਰੱਖਦੇ ਹਨ, ਹੇਠਲੇ ਪਤੇ ਤੇ ਆਪਣਾ ਪਤਾ (Address) ਲਿਖ ਭੇਜਣ। ਉਨ੍ਹਾਂ ਨੂੰ "ਸੂਰਾ" ਹਰ ਮਹੀਨੇ ਮੇਖ ਰਹਿਤ ਪਹੁੰਚਦਾ ਰਹੇਗਾ।**

**ਦਾਸਨ ਦਾਸ,**
**ਭਾਈ ਜੀਵਨ ਸਿੰਘ**
1030, **ਹੈਮਿਲਟਨ ਰੋਡ, ਵੈਨਕੂਵਰ (ਕੈਨੇਡਾ)**
Canada (B.C.) V6 - B2 - R - 9
Tel : 18006 30224



www.AKJ.Org

# ਭਾਈ ਰਣਧੀਰ ਸਿੰਘ ਜੀ ਦੀ ਸਖਸ਼ੀਅਤ

(ਡਾ: ਸਰਬ ਜੋਤ ਕੌਰ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਜਨਮ ਸ: ਵਸਾਵਾ ਸਿੰਘ ਦੇ ਸਪੁੱਤਰ ਸ: ਨੱਥਾ ਸਿੰਘ ਦੇ ਘਰ ੭ ਜੁਲਾਈ ੧੮੭੮ ਈ: ਨੂੰ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ਹੋਇਆ। ਸ: ਨੱਥਾ ਸਿੰਘ ਜੀ ਉਸ ਸਮੇਂ ਨਾਭਾ ਹਾਈਕੋਰਟ ਦੇ ਜੱਜ ਸਨ। ਆਪ ਦੀ ਮਾਤਾ ਮਾਈ ਪੰਜਾਬ ਕੌਰ ਜੀ ਭਾਈ ਭਗਤੂ ਜੀ ਦੀ ਵੰਸ਼ ਵਿਚੋਂ ਸਨ ਜੋ ਕਿ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਸਨ ਅਤੇ ਜਿਨ੍ਹਾਂ ਨੇ ਗੁਰੂ ਕੀਆਂ ਆਵੀਆਂ ਵਿਚ ਇੱਟਾਂ ਪਕਾਉਣ ਦੀ ਅਟੁੱਟ ਘਾਲਣਾ ਘਾਲੀ ਸੀ। ਇਸ ਤਰ੍ਹਾਂ ਭਾਈ ਸਾਹਿਬ ਇਕ ਪਾਸੇ ਉੱਚ ਸਰਕਾਰੀ ਅਹੁਦਿਆਂ ਨਾਲ ਸੁਸ਼ੋਭਿਤ ਸਨ ਅਤੇ ਦੂਜੇ ਪਾਸੇ ਆਤਮਿਕ ਤੇ ਅਧਿਆਤਮਿਕ ਪੱਖ ਤੋਂ ਪਹੁੰਚੇ ਹੋਏ, ਸੇਵਾ ਦੇ ਪੁੰਜ, ਤਿਆਗ ਵੈਰਾਗ ਦੀ ਮੂਰਤ ਸਨ ਅਤੇ ਪ੍ਰੇਮ ਸਰੂਪ ਗੁਰਮੁਖ ਦੀ ਪ੍ਰੀਤ ਸੁਰੰਗੀ ਲਾਲੀ ਇਨ੍ਹਾਂ ਦੇ ਲਹੂ ਵਿਚੋਂ ਝਲਕਾਰੇ ਮਾਰਦੀ ਸੀ।

ਬਚਪਨ ਦਾ ਸਮਾਂ ਆਪ ਦਾ ਭੋਲੇ ਭਾ ਹੀ ਕਾਲਜ ਦੀ ਪੜ੍ਹਾਈ ਕਰਦਿਆਂ ਬਤੀਤ ਹੋਇਆ ਪਰ ਕਾਲਜ ਦੀ ਵਿਦਿਆ ਪ੍ਰਾਪਤੀ ਸਮੇਂ ਗੁਰਬਾਣੀ ਦਾ ਅਜਿਹਾ ਪ੍ਰੇਮ ਲੱਗਾ ਜੋ ਜੀਵਨ ਪ੍ਰਯੰਤ ਗੂੜ੍ਹਾ ਹੁੰਦਾ ਗਿਆ। ਬਾਣੀ ਦੇ ਪ੍ਰੇਮ ਵਿਚ ਮਗਨ ਹੋਏ ਆਪ ਸਭ ਸੰਸਾਰਿਕ ਧੰਧਿਆਂ ਨੂੰ ਭੁੱਲ ਜਾਂਦੇ ਸਨ ਅਤੇ ਨਾਮ ਪ੍ਰਾਪਤੀ ਤੋਂ ਪਿੱਛੋਂ ਨਾਮ ਅਭਿਆਸ ਵਿਚ ਲੀਨ ਘੰਟਿਆਂ ਕੀ ਦਿਨਾਂ ਬੱਧੀ ਇਕੋ ਆਸਣ ਬੈਠੇ ਰਹਿੰਦੇ, ਖਾਣ ਪੀਣ ਦੀ ਸੁੱਧ ਬੁੱਧ ਵਿਸਰ ਜਾਂਦੀ ਅਤੇ ਡਿਊਟੀ ਤੇ ਜਾਣ ਦਾ ਚਿੱਤ ਚੇਤਾ ਨਾ ਰਹਿੰਦਾ। ਅਥਾਹ ਪ੍ਰੇਮ ਨੇ ਆਪ ਦੇ ਅੰਦਰ ਅਗੰਮ ਪ੍ਰਭੂ ਦੇ ਅਗਾਧ ਖਜ਼ਾਨੇ ਖੋਲ੍ਹ ਵਿਖਾਏ ਪਰ 'ਜਿਨ ਹਰਿ ਪਾਇਓ ਤਿਨਹਿ ਛੁਪਾਇਓ' ਦੇ ਸਿਧਾਂਤ ਅਨੁਸਾਰ ਆਪ ਨੇ ਰਸ ਤਾਂ ਮਾਣਿਆ ਪਰ ਇਸ ਗੋਝ ਦਸ਼ਾ ਦਸਣ ਤੋਂ ਸੰਕੋਚ ਹੀ ਕੀਤਾ।

ਗੁਰਮਤਿ ਅਤੇ ਕੇਵਲ ਗੁਰਮਤਿ ਹੀ ਆਪ ਅਨੁਸਾਰ ਇੱਕੋ ਇਕ ਵਸੀਲਾ ਹੈ ਜਿਸ ਅਨੁਸਾਰ ਆਤਮ-ਪਰਮਾਤਮ ਮੇਲ ਹੋ ਸਕਦਾ ਹੈ। ਜਦੋਂ ਤੋਂ ਆਪ ਨੂੰ ਗੁਰਮਤਿ ਦੀ ਸੋਝੀ ਹੋਈ ਉਦੋਂ ਤੋਂ ਹੀ ਆਪ ਨੇ ਗੁਰਮਤਿ ਅਨੁਸਾਰ ਜੀਵਨ ਜੀਉਣਾ ਆਰੰਭ ਕਰ ਦਿਤਾ। 'ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ' ਆਪ ਦਾ ਜੀਵਨ ਆਦਰਸ਼ ਸੀ। ਆਰੰਭ ਵਿਚ ਆਪ ਇਕ ਕਰਾਮਾਤੀ ਸਾਧੂ ਵਲ ਖਿੱਚੇ ਗਏ ਪਰ ਉਸ ਨੂੰ ਗੁਰਮਤਿ ਦੇ ਉਲਟ ਕਰਮ ਕਰਦਿਆਂ ਵੇਖਿਆ ਤਾਂ ਛਡਦਿਆਂ ਢਿੱਲ ਨਾ ਲਾਈ। ਫ਼ਕੀਰ ਸਾਧੂ ਦੀ ਵੰਗਾਰ ਦੇ ਉੱਤਰ ਵਿਚ ਆਖਿਆ :-

"ਜੇ ਤੂੰ ਹੁਣ ਰੱਬ ਬਣਕੇ ਭੀ ਆਵੇਂ ਤਾਂ ਮੇਰੀ ਸ਼ਰਧਾ ਤੇਰੇ ਉਪਰ ਨਹੀਂ ਜੰਮੇਗੀ।"

ਜਦੋਂ ਕਿਸੇ ਹੋਰ ਆਦਮੀ ਨੇ ਉਸ ਦੀ ਉੱਚ ਕੁੱਲ ਤੇ ਵਡਕਰਨੀ ਦਾ ਵਰਣਨ ਕਰਕੇ ਪ੍ਰੇਰਣਾ ਚਾਹਿਆ ਤਾਂ ਆਪ ਨੇ ਸਪਸ਼ਟ ਸ਼ਬਦਾਂ ਵਿਚ ਉੱਤਰ ਦਿਤਾ :-

"ਭਾਵੇਂ ਕੋਈ ਕਿਤਨਾ ਵੀ ਵੱਡਾ ਫ਼ਕੀਰ ਹੋਵੇ ਅਸਾਂ ਤਾਂ ਗੁਰਮਤਿ ਦੀ ਕਸੌਟੀ ਨਾਲ ਉਸ ਨੂੰ ਪਰਖਣਾ ਹੈ। ਉੱਚ ਕੁਲ ਤੇ ਲੌਕਿਕ ਵਡਕਰਨੀ ਦੀ ਇਥੇ ਕੋਈ ਪਰਖ ਪਰਵਾਹ ਨਹੀਂ।"

ਇਸ ਕਰਾਮਤੀ ਸਾਧੂ ਦੀ ਵਾਰਤਾ ਇਸ ਗੱਲ ਦੀ ਸਾਖੀ ਭਰਦੀ ਹੈ ਕਿ ਆਪ ਦੇ ਦਿਲ ਵਿਚ ਰੱਬੀ ਖੋਜ ਲਈ ਸੱਚੀ ਲਗਨ ਸੀ ਪਰ ਸੱਚ ਤਕ ਪਹੁੰਚਣ ਲਈ ਆਪ ਗੁਰਮਤਿ ਮਾਰਗ ਨੂੰ ਸਭ ਰਾਹਾਂ ਤੋਂ ਸ੍ਰੇਸ਼ਟ ਮੰਨਦੇ ਸਨ।

ਭਾਈ ਸਾਹਿਬ ਨੇ ਗੁਰਮਤਿ ਮਾਰਗ ਦੇ ਪਾਂਧੀ ਬਣ ਕੇ ਬੜੀ ਕਰੜੀ ਆਤਮਿਕ ਘਾਲਣਾ ਘਾਲੀ। ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਰਹਿੰਦਿਆਂ ਵੀ ਗੁਰਮਤਿ ਮਾਰਗ ਤੋਂ ਮੂੰਹ ਨਹੀਂ ਮੋੜਿਆ। ਗੁਰਮਤਿ ਆਦਰਸ਼ਾਂ ਦੀ ਪੂਰਤੀ ਲਈ ਚਾਲ੍ਹੀ ਚਾਲ੍ਹੀ ਦਿਨ ਲੰਗਰ ਮਸਤਾਨੇ ਰੱਖੇ ਪਰ ਰੱਤੀ ਭਰ ਡੋਲੇ ਨਹੀਂ। ਭੈ ਭੀਤ ਵਾਤਾਵਰਣ ਵਿੱਚ ਕੋਠੀ 'ਚ ਬੰਦ ਹੋ ਕੇ ਵਰ੍ਹਿਆਂ ਬੱਧੀ ਸਮਾਂ ਬਿਤਾਇਆ ਪਰ ਚਿਹਰੇ ਉਤੇ ਜਲਾਲ ਉਵੇਂ ਦਾ ਉਵੇਂ ਹੀ ਰਿਹਾ ਕਿਉਂ ਕਿ ਆਪ ਨੂੰ ਦ੍ਰਿੜ੍ਹ ਵਿਸਵਾਸ਼ ਹੀ ਨਹੀਂ ਸਗੋਂ ਜੀਉਂਦਾ ਜਾਗਦਾ ਅਨੁਭਵ ਸੀ ਕਿ "ਗੁਰ ਮੇਰੈ ਸੰਗਿ ਸਦਾ ਹੈ ਨਾਲੇ।" ਸੋਲ੍ਹਾਂ ਸਾਲ ਦਾ ਲੰਮਾ ਸਮਾਂ ਜੇਲ੍ਹਾਂ ਵਿਚ ਬਿਤਾਇਆ ਪਰ ਚਿੱਤ ਬ੍ਰਿਤੀ ਆਤਮਿਕ ਰੰਗਾਂ ਵਿਚ ਹੀ ਰਹੀ। ਜੇਲ੍ਹ ਵਿਚ ਰਹਿੰਦਿਆਂ ਸਾਥੀਆਂ ਨੂੰ ਬਾਣੀ ਦੀ ਚੇਟਕ ਲਾਈ, ਨਾਮ ਦੇ ਰੰਗ ਵਿਚ ਰੰਗਿਆ, ਕੀਰਤਨ ਅਖਾੜੇ ਰਚਾਏ ਅਤੇ ਹਥਕੜੀਆਂ ਨੂੰ ਛੈਣਿਆਂ ਦਾ ਰੂਪ ਦੇ ਕੇ ਜੰਗਲ ਵਿਚ ਮੰਗਲ ਬਣਾ ਵਿਖਾਇਆ।

ਆਪ ਦਾ ਸੰਸਾਰਿਕ ਵਸਤਾਂ ਨਾਲ ਮੂਲੋਂ ਹੀ ਮੋਹ ਨਹੀਂ ਸੀ। ਇਕ ਵਾਰ ਆਪ ਨੇ ਭਾਈ ਹੀਰਾ ਸਿੰਘ ਲਈ ਨਾਮ ਪ੍ਰਾਪਤੀ ਵਾਸਤੇ ਅਰਦਾਸਾ ਕੀਤਾ, ਦਿਲੋਂ ਉਠੀ ਹੂਕ ਸੁਣੀ ਗਈ ਅਤੇ ਹੀਰਾ ਸਿੰਘ ਦੇ ਰੋਮ ਰੋਮ ਅੰਦਰ



www.AKJ.Org

ਨਾਮ ਦੀ ਝਰਨਾਹਟ ਛਿੜ ਗਈ ਤਾਂ ਉਸ ਨੇ ਸ਼ੁਕਰਾਨੇ ਵਜੋਂ ਆਪ ਨੂੰ ਸੋਨਾ ਬਣਾਉਣ ਦਾ ਨੁਸਖਾ ਸਵੀਕਾਰ ਕਰਨ ਲਈ ਮਨਾ ਲਿਆ। ਭਾਈ ਸਾਹਿਬ ਨੇ ਉਸ ਨੁਸਖੇ ਨੂੰ ਕੰਠ ਕਰਨਾ ਆਰੰਭ ਕਰ ਦਿਤਾ। ਆਪ ਲਿਖਦੇ ਹਨ :-

"ਕੰਠ ਕੀ ਕਰਨ ਲੱਗਾ ? ਬਿਖ ਬਿਹਾਜਨ ਲਗ ਪਿਆ। ਜਿਉਂ ਜਿਉਂ ਕੰਠ ਕਰਾਂ ਤਿਉਂ ਤਿਉਂ ਵਿਹੁ ਚੜ੍ਹਦੀ ਜਾਵੇ। ਬਿਖ ਵਿਹਾਜਣ ਦੇ ਵਹਿਣਾਂ ਵਿਚ ਰੁੜ੍ਹ ਤੁਰਿਆ। ਸ਼ੇਖ ਚਿਲੀ ਵਾਂਗੂ ਲੱਗਾ ਕਰੋੜਾਂਪਤੀ ਬਣਨ ਦੀਆਂ ਵਿਉਤਾਂ ਬਣਾਉਣ। ਪਰਉਪਕਾਰੀ ਬਣਨ ਦੀਆਂ ਮਤਸਰਾਂ ਦੀ ਗਠੜੀ ਭੀ ਬੰਨਣੀ ਆਰੰਭ ਦਿਤੀ। ਜਿਥੇ ਮੇਰਾ ਮਨ ਖਿਨ ਖਿਨ ਅਤੇ ਸੁਆਸ ਸੁਆਸ ਨਾਮ ਦੇ ਪਾਰਸ ਚਾਂਦਨੀ ਜੋਤ ਰੰਗ ਵਿਚ ਖਿੜਿਆ ਤੇ ਰੰਗਿਆ ਰਹਿੰਦਾ ਸੀ ਅਤੇ ਰੋਮ ਰੋਮ ਜੋਤ ਵਿਗਾਸੀ ਤਰੰਗਾਂ ਵਿਚ ਸਫੁਟ ਹੋ ਕੇ 'ਇਕਦੂ ਜੀਭੌ ਲਖ ਹੋਇ ਅਤੇ ਲਖਾਂ ਲਖਬੀਸ ਹੋ ਕੇ ਇਕੀਸ ਹੋਣ ਦੀਆਂ ਪਤ ਪਵੜੀਆਂ ਉਤੇ ਚੜ੍ਹਿਆ ਰਹਿੰਦਾ ਸੀ ਹੁਣ ਉਥੇ ਖਿਨ ਖਿਨ ਮਾਇਆ ਦੀ ਬਿਖ ਬਿਆਪ ਗਈ। ਮੇਰੀ ਸੁਰਤੀ ਬਿਰਤੀ ਉਖੜ ਗਈ। ਮੇਰਾ ਪ੍ਰੇਮ ਕਾਫੂਰ ਹੋ ਗਿਆ। ਨਾ ਬਾਣੀ, ਨਾ ਅਭਿਆਸ, ਕੁਝ ਨਾ ਚੱਲੇ। ਮੈਂ ਫੋਕਾ ਜਿਹਾ ਹੋ ਗਿਆ। ਮੈਨੂੰ ਇਉਂ ਪ੍ਰਤੀਤ ਹੋਵੇ ਜਿਵੇਂ ਮੈਨੂੰ ਕੋਈ ਕੁਸ਼ਟ ਹੁੰਦਾ ਹੈ।"

ਦਿਨ ਚੜ੍ਹੇ ਆਪ ਨੇ ਨੁਸਖੇ ਵਾਲਾ ਕਾਗਜ਼ ਜਲਦੀ ਅੰਗੀਠੀ ਵਿਚ ਸੁੱਟ ਕੇ ਅੱਗੇ ਤੋਂ ਇਸ ਰੋਗ ਤੋਂ ਦੂਰ ਰਹਿਣ ਲਈ ਅਰਦਾਸਾ ਸੋਧਿਆ। ਇਸ ਰੋਗ ਤੋਂ ਆਪ ਇਥੋਂ ਤਕ ਦੂਰ ਰਹਿੰਦੇ ਸਨ ਕਿ ਜ਼ਬਤ ਹੋਈ ਜਾਇਦਾਦ ਛੁਡਵਾਉਣ ਲਈ ਵੀ ਆਪ ਨੇ ਕੋਈ ਉਪਰਾਲਾ ਨਾ ਕੀਤਾ। ਸੁਤੰਤਰਤਾ ਪ੍ਰਾਪਤੀ ਪਿਛੋਂ ਵੀ ਆਪ ਨੇ ਇਸ ਮਨੋਰਥ ਲਈ ਕੋਈ ਫਾਰਮ ਆਦਿ ਨਾ ਦਿਤਾ ਕਿਉਂਕਿ ਆਪ ਸੰਸਾਰ ਦੀ ਇਸ ਝੂਠੀ ਸਰਕਾਰ ਅੱਗੇ ਹੱਥ ਨਹੀਂ ਸਨ ਅੱਡਣਾ ਚਾਹੁੰਦੇ।

ਭਾਈ ਸਾਹਿਬ ਜੀ ਦੇ ਜੀਵਨ ਗੁਣਾਂ ਵਿਚੋਂ ਤਿਆਗ ਤੇ ਵੈਰਾਗ ਮੁੱਖ ਹਨ ਜਿਹਨਾਂ ਦਾ ਪ੍ਰਭਾਵ ਉਹਨਾਂ ਦੀ ਕਰਨੀ ਕਮਾਈ ਕਾਰਨ ਸਭ ਤੋਂ ਵੱਧ ਉਜਾਗਰ ਹੋਇਆ। ਆਤਮ ਰਸ ਲਈ ਜਾਗੇ ਵੈਰਾਗ ਕਾਰਨ ਆਪ ਜੀ ਨੇ ਸੰਸਾਰਕ ਸੁੱਖਾਂ ਨੂੰ ਲੱਤ ਮਾਰੀ। ਉਸ ਹਾਲਤ ਵਿਚ ਸੁੱਖਾਂ ਦੇ ਤਿਆਗੀ ਬਣੇ ਜਦੋਂ ਉਹਨਾਂ ਦੇ ਬੂਹੇ ਉਤੇ ਸੰਸਾਰਕ ਸੁੱਖਾਂ ਵਾਲੀ ਹਾਕਮੀ ਦੀਆਂ ਪੇਸ਼ਕਾਰੀਆਂ ਦੀ ਆਮਦੋ ਰਫਤ ਲਗੀ ਹੋਈ ਸੀ। ਅਹੁਦਿਆਂ ਦੀ ਦਸਤਕ ਮੁੜ ਮੁੜ ਬੂਹੇ ਵਜਦੀ ਰਹੀ। ਉਹਨਾਂ ਦੇ ਹਿਰਦੇ ਵਿਚ 'ਨਾਮ ਕਸਤੂਰੀ' ਦੀ ਖਿੜੀ ਸੁਗੰਧੀ ਦੀ ਮਹਿਕ ਨੇ ਉਹਨਾਂ ਨੂੰ ਅੰਦਰੋਂ ਵੀ ਸਰਸ਼ਾਰ ਕੀਤਾ। ਆਸ ਪਾਸ ਛਹਿਬਰਾਂ ਲਾ ਦਿਤੀਆਂ।

ਭਾਈ ਸਾਹਿਬ ਸਾਧਕ ਸਨ, ਸਾਧਕਾਂ ਦੇ ਪਾਰਖੂ ਸਨ ਅਤੇ ਸਾਧਕ ਬਣਾਉਣ ਵਾਲੇ ਸਨ, ਪਰ ਇੰਨਾਂ ਕੁਝ ਹੁੰਦਿਆਂ ਵੀ ਉਹਨਾਂ ਨੇ ਆਪਣਾ ਕੋਈ ਚੇਲਾ ਨਹੀਂ ਬਣਾਇਆ। ਕੇਵਲ ਮੈਤ੍ਰੀ ਭਾਵ ਦੀਆਂ ਪ੍ਰੇਮ ਤੰਦਾਂ ਨਾਲ ਆਪਣੇ ਪ੍ਰੇਮੀਆਂ ਨੂੰ ਖਿਚਦੇ ਰਹੇ। ਏਸੇ ਦੇ ਪਾਸੀ ਮਿੱਤਰ ਭਾਵਨਾ ਦੇ ਪਿਆਰ ਉਦਗਾਰ ਤੋਂ ਹੀ ਉਹਨਾਂ ਦੇ ਪ੍ਰੇਮੀ ਸਾਤਵਿਕ ਸਨੇਹ ਅਤੇ ਸਵੱਛ ਭਾਵਨਾ ਵਾਲੇ ਬਣੇ, ਜੋ ਜਾਨਾਂ ਹੂਲਣ ਤੱਕ ਦੇ ਮੋਰਚਿਆਂ ਵਿਚ ਸਾਥ ਦੇਂਦੇ ਰਹੇ।

ਦੇਸ਼ ਭਗਤੀ ਦੇ ਖੇਤਰ ਵਿਚ ਵੀ ਭਾਈ ਸਾਹਿਬ ਦੀ ਘਾਲਣਾ ਵੱਡੇ ਤੋਂ ਵੱਡੇ ਦੇਸ਼ ਭਗਤ ਤੋਂ ਘੱਟ ਨਹੀਂ ਸੀ। ਪਰ ਭਾਈ ਸਾਹਿਬ ਦੇਸ਼ ਭਗਤ ਕਹਾਉਣਾ ਪਸੰਦ ਨਹੀਂ ਸਨ ਕਰਦੇ। ਉਹਨਾਂ ਦੀ ਨਿਗਾਹ ਵਿਚ ਦੇਸ਼ ਭਗਤੀ ਛੋਟਾ ਆਦਰਸ਼ ਸੀ। ਆਪ ਜੀ ਦਾ ਦ੍ਰਿੜ ਮੱਤ ਸੀ ਕਿ ਭਗਤੀ ਕੇਵਲ ਗੁਰੂ ਅਕਾਲ-ਪੁਰਖ ਦੀ ਕੀਤੀ ਜਾ ਸਕਦੀ ਹੈ ਤੇ ਸੇਵਾ ਲਈ ਸਿੱਖ ਸਰਬੱਤ ਦਾ ਭਲਾ ਲੋਚਦਾ ਹੈ ਨਾ ਕਿ ਇਕ ਵਿਸ਼ੇਸ਼ ਦੇਸ਼ ਤੇ ਮਹਿਜ਼ ਦੇਸ਼ ਵਾਸੀਆਂ ਦਾ। ਹਾਂ, ਦੇਸ਼ ਤੇ ਕੌਮ ਦੇ ਸੰਕਟ ਦੂਰ ਕਰਨ ਲਈ ਆਪਣੇ ਫਰਜ਼ ਨਿਭਾਉਣੇ ਤੇ ਗੁਲਾਮੀ ਵਿਰੁੱਧ ਜੂਝਣਾ ਤੇ ਕੁਰਬਾਨੀਆਂ ਦੇਣੀਆਂ ਹਰ ਦੇਸ਼ ਵਾਸੀ ਦਾ ਫ਼ਰਜ਼ ਹੈ। ਇਹ ਫ਼ਰਜ਼ ਉਹਨਾਂ ਮੌਤ ਦੀ ਜੀਭ ਨੂੰ ਹੱਥ ਲਾ ਕੇ ਪੂਰਾ ਕੀਤਾ। ਕਈ ਕਈ ਦਿਨ ਆਪਣੀ ਦੇਹ ਮੌਤ ਦੇ ਅੱਗੇ ਸੁਟ ਛੱਡੀ। ਭਾਈ ਸਾਹਿਬ ਜੀ ਦੇਸ਼ ਦੀ ਗੁਲਾਮੀ ਦੇ ਸੰਗਲ ਤੋੜਨ ਵਾਲੇ ਕ੍ਰਾਂਤੀਕਾਰੀ ਸੰਗਰਾਮੀਏ ਸਨ। ਆਪ ਉਸ ਸਮੇਂ ਮੁਕਤੀ ਦੂਤ ਦੇ ਰੂਪ ਵਿਚ ਕਸ਼ਟਾਂ ਨਾਲ ਕਲੋਲਾਂ ਕਰਨ ਲਈ ਮੈਦਾਨ ਵਿਚ ਨਿਤਰੇ ਜਦੋਂ ਕਿਸੇ ਦੀ ਜ਼ੁਬਾਨ ਵਿਚ ਸਰਕਾਰ ਵਿਰੁੱਧ ਇਕ ਬੋਲ ਕਢਣਾ ਵੀ ਮਹਾਂ ਜੁਰਮ ਸਮਝਿਆ ਜਾਂਦਾ ਸੀ। ਇਕ ਪਾਸੇ ਕਸ਼ਟਾਂ ਦੇ ਹੜ੍ਹ, ਦੂਜੇ ਪਾਸੇ ਨਾਮ ਦੀਆਂ ਤਰੰਗਾਂ। ਨਾਮ ਤਰੰਗਾਂ ਕਸ਼ਟਾਂ ਦੇ ਹੜ੍ਹਾਂ ਉਤੇ ਸਦਾ ਵਿਜੇ ਪ੍ਰਾਪਤ ਕਰਦੀਆਂ ਰਹੀਆਂ। ਅਖੰਡ ਪਾਠਾਂ ਦੀ ਲੜੀ, ਰੈਣ ਸਬਾਈਆਂ ਦੇ ਕੀਰਤਨ ਪ੍ਰਵਾਹ ਅੰਮ੍ਰਿਤ ਸੰਚਾਰ ਦੇ ਗੱਫਿਆਂ ਦੇ ਭੰਡਾਰ ਜਾਰੀ ਕਰਨਾ ਵਾਲਾ ਇਹ ਸਿੰਘ ਸੂਰਮਾ ਸਰਦਾਰ ਬਲਕਿ ਸਿਪਹ ਸਲਾਰ ਹੋਇਆ ਹੈ। ਇਸ ਸ਼ੇਰ ਦੀ ਭਬਕ ਤੇ ਰਹਿਤ ਬਹਿਤ ਅੱਗੇ ਅਨੇਕਾਂ ਤਸੀਹੇ ਦੇਣ ਵਾਲੇ ਜਰਵਾਣੇ ਲਾਚਾਰ

ਬਾਕੀ ਪੰਨਾ ੩੩ ਤੇ



www.AKJ.Org

# "ਹਰਖਹੁ ਸੋਗਹੁ ਬਾਹਿਰਾ"

(ਪ੍ਰਿ: ਕੁਲਦੀਪ ਸਿੰਘ ਹਉਰਾ)

ਭਾਈ ਗੁਰਦਾਸ ਜੀ ਨੇ ਆਪਣੀ ਵਾਰ ੨੪ ਦੀ ਪਉੜੀ ੨੧ ਵਿੱਚ ਗੁਰੂ ਅਰਜਨ ਸਾਹਿਬ ਬਾਰੇ ਲਿਖਿਆ ਹੈ ਕਿ ਉਹ ਸਦਾ ਇੱਕ-ਸਮਾਨ ਹਾਲਤ ਵਿੱਚ ਰਹੇ। ਨਾ ਖੁਸ਼ੀ ਵਿੱਚ ਮਾਨਸਿਕ ਸੰਤੁਲਨ ਤਿਆਗਿਆ ਨਾ ਗ਼ਮੀ ਵਿੱਚ ਸੋਗਵਾਰ ਹੋਏ। ਉਹ ਤਾਂ ਆਦਰਸ਼ਕ ਮਹਾਂਪੁਰਸ਼ ਸਨ। ਆਪ ਦੀ ਸੋਚ ਉਸਾਰੂ ਤੇ ਦ੍ਰਿਸ਼ਟੀ- ਸਮਸੰਰ ਸੀ। ਉਨ੍ਹਾਂ ਦੇ ਮਨ ਵਿਚ ਕਦੇ ਵੀ ਵਿਤਕਰੇ ਵਾਲੀ ਭਾਵਨਾ ਨਾ ਆਈ। ਉਹ ਸਹਿਨਸ਼ੀਲ ਸਨ ਤੇ ਉਦਾਰ-ਚਿੱਤ ਵੀ। ਆਪ ਦਾ ਅਕਾਲ ਪੁਰਖ ਉਤੇ ਦ੍ਰਿੜ੍ਹ ਵਿਸ਼ਵਾਸ਼ ਸੀ। ਉਹ ਕਦੇ ਵੀ ਡੋਲੇ ਥਿੜਕੇ ਨਹੀਂ। ਹਉਮੈ ਤੇ ਅਹੰਕਾਰ ਕਦੇ ਆਪ ਦੇ ਨੇੜੇ ਨਾ ਢੁੱਕੇ, ਆਪ ਨਿਰਮਾਣ ਸਨ ਤੇ ਈਰਖਾ-ਦ੍ਵੈਸ਼ ਤੋਂ ਮੁਕਤ। ਸੰਤੋਖ ਤੇ ਧੀਰਜ ਦਾ ਪੱਲਾ ਆਪ ਨੇ ਕਦੇ ਨਾ ਤਿਆਗਿਆ। ਗ੍ਰਿਹਸਤੀ-ਜੀਵਨ ਵਿੱਚ ਆਪ ਨੂੰ ਸ਼ਰੀਕਾਂ ਦੇ ਮੇਹਣੇ ਸਹਿਣੇ ਪਏ, ਪਰ ਆਪ ਨਾ ਡੋਲੇ ਨਾ ਚਿੰਤਾਵਾਨ ਹੋਏ, ਸਗੋਂ ਸਦਾ ਸ਼ਾਂਤ-ਚਿੱਤ ਰਹੇ। ਆਪ ਨੇ ਕਦੇ ਕਿਸ ਨੂੰ ਮੰਦਾ ਨਾ ਆਖਿਆ, ਸਗੋਂ ਸਭ ਲਈ ਸੁੱਖ-ਸਮੱਧਾ ਦੀ ਅਰਦਾਸ ਕੀਤੀ। ਆਪ ਦੀ ਦ੍ਰਿਸ਼ਟੀ ਵਿਚੋਂ ਅੰਮ੍ਰਿਤ ਵਰ੍ਹਦਾ ਸੀ। ਭੱਟਾਂ ਅਨੁਸਾਰ ਹਰੀ-ਪ੍ਰਮਾਤਮਾ ਆਪ ਦੇ ਹਿਰਦੇ ਵਿੱਚ ਵਸਦਾ ਸੀ "**ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥**" ਮਥਰਾ ਭੱਟ ਤਾਂ ਆਪ ਨੂੰ "ਪਰਤਖ ਹਰੀ" ਕਹਿੰਦਾ ਹੋਇਆ ਲਿਖਦਾ ਹੈ "**ਧਰਨਿ ਗਗਨ ਨਵਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ॥ ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ॥੭॥**"

(ਪੰਨਾ ੧੪੦੯)

(ਗੁਰੂ) ਅਰਜਨ ਦੇਵ ਜੀ ਭਾਈ ਗੁਰਦਾਸ ਜੀ ਦੇ ਹੱਥਾਂ ਵਿੱਚ ਜੰਮੇ ਪਲੇ। ਭਾਈ ਸਾਹਿਬ ਨੇ ਆਪ ਨੂੰ ਬਹੁਤ ਨੇੜਿਉਂ ਵੇਖਿਆ-ਭਾਖਿਆ ਸੀ। ਭਾਈ ਸਾਹਿਬ ਨੇ ਆਪ ਦੀ ਸਖਸ਼ੀਅਤ ਉਤੇ ਬੜੇ ਨਵੇਕਲੇ ਢੰਗ ਨਾਲ ਚਾਨਣਾ ਪਾਉਂਦੇ ਹੋਇ ਲਿਖਿਆ ਹੈ-- "**ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ॥ ਰਵਿ ਸਸਿ ਜੋਤਿ ਉਦੋਤ ਲੰਘਿ ਪਰਮ ਜੋਤਿ ਪਰਮੇਸੁਰ ਪਿਆਰਾ॥
ਜਗਮਗ ਜੋਤਿ ਨਿਰੰਤਰੀ ਜਗਜੀਵਨ ਜਗ ਜੈਜੈਕਾਰਾ॥**" (੨੪/੧੯)

ਭਾਵ ਆਪ ਮਾਇਆ ਤੋਂ ਰਹਿਤ ਹਨ, ਸ਼ਾਂਤ-ਚਿੱਤ ਹਨ, ਚਿੰਤਾ ਆਪ ਦੇ ਨੇੜੇ ਹੀ ਨਹੀਂ ਢੁੱਕੀ ਹੋਈ, ਉਹ ਸੂਰਜ ਤੇ ਚੰਦ੍ਰਮਾ ਦੀ ਪ੍ਰਗਟ ਜੋਤਿ ਤੋਂ ਅਗੇ ਲੰਘ ਕੇ, ਪਰਮੇਸ਼ਰ ਦੀ ਪਰਮ ਜੋਤਿ ਨੂੰ ਪਿਆਰ ਕਰਦੇ ਹਨ। ਮੌਤ ਉਤੇ ਉਨ੍ਹਾਂ ਜਿੱਤ ਪ੍ਰਾਪਤ ਕੀਤੀ ਹੋਈ ਹੈ। ਆਪ ਦੀ ਆਤਮਾ ਗਗਨਾਂ ਨੂੰ ਛੂਹ ਰਹੀ ਹੈ। ਉਹ ਇਕ ਰਸ ਜਗਮਗ ਕਰਦੀ ਜੋਤੀ ਹਨ। ਸਾਰਾ ਜਗਤ ਉਨ੍ਹਾਂ ਦੀ ਜੈ ਜੈ ਕਾਰ ਕਰ ਰਿਹਾ ਹੈ।

ਗੁਰੂ ਅਰਜਨ ਸਾਹਿਬ ਪੂਰਨ-ਮਨੁੱਖ ਸਨ, ਆਗਿਆਕਾਰੀ-ਪੁੱਤਰ ਸਨ, ਹਮਦਰਦ ਵੀਰ ਸਨ, ਪਿਆਰੇ ਪਿਤਾ ਸਨ, ਸੁਹਿਰਦ-ਪਤੀ ਸਨ ਅਤੇ ਸੰਪੂਰਨ ਗੁਰੂ ਸਨ। ਆਪ ਦੀ ਸਹਿਨਸ਼ੀਲਤਾ ਦਾ ਇਹ ਆਲਮ ਸੀ ਕਿ ਜਦ ਵੱਡੇ ਭਰਾ (ਪ੍ਰਿਥੀ ਚੰਦ) ਨੇ ਈਰਖਾ ਵੱਸ ਹਰ ਖੇਤਰ ਵਿੱਚ ਆਪ ਦਾ ਵਿਰੋਧ ਕੀਤਾ, ਸ਼ਤਰੂਆਂ ਨਾਲ ਮਿਲਕੇ ਆਪ ਲਈ ਔਕੜਾਂ ਖੜ੍ਹੀਆਂ ਕੀਤੀਆਂ, ਚੰਦੂ ਨਾਲ ਸਾਜਿਸ਼ ਕਰਕੇ ਗੁਰੂ ਜੀ ਨੂੰ ਮੁਸ਼ਕਿਲ ਸਥਿਤੀ ਵਿਚ ਪਾ ਦਿੱਤਾ, ਮਸੰਦਾਂ ਨਾਲ ਮਿਲ ਕੇ ਅੰਮ੍ਰਿਤਸਰ ਸ਼ਹਿਰ ਦੀ ਨਾਕਾ-ਬੰਦੀ ਕਰ ਲਈ, ਸੁਲਹੀ ਖਾਂ ਵਰਗੇ ਜ਼ਾਲਮ ਨੂੰ ਨਾਲ ਮਿਲਾ ਕੇ ਗੁਰੂ ਸਾਹਿਬ ਉਤੇ ਹੱਲਾ ਕਰ ਦਿੱਤਾ, ਬਾਲਕ ਹਰਿਗੋਬਿੰਦ ਨੂੰ ਜਾਨੋਂ ਮਾਰਨ ਦੇ ਅਨੇਕ ਯਤਨ ਕੀਤੇ ਤੇ ਹੋਰ ਵੀ ਕੋਝੀਆਂ ਕਰਤੂਤਾਂ ਕੀਤੀਆਂ, ਤਾਂ ਵੀ ਗੁਰੂ ਸਾਹਿਬ ਨੇ ਕੌੜਾ ਬਚਨ ਨਾ ਕਿਹਾ, ਬਦ-ਅਸੀਸ ਨਾ ਦਿੱਤੀ। ਏਥੋਂ ਤੱਕ ਕਿ ਜੱਦ ਜਹਾਂਗੀਰ ਬਾਦਸ਼ਾਹ ਦੇ ਹੁਕਮ ਨਾਲ ਆਪ ਨੂੰ ਤੱਤੀਆਂ ਤੱਵੀਆਂ ਤੇ ਬਿਠਾਇਆ ਗਿਆ ਤੇ ਉਬਲਦੀ ਦੇਗ ਵਿੱਚ ਉਬਾਲਕੇ ਸ਼ਹੀਦ ਕਰ ਦਿੱਤਾ ਗਿਆ ਤਾਂ ਵੀ ਆਪ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਸੀ-

**"ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥"**

(ਆਸਾ ਮਹਲਾ ੫, ਪੰਨਾ ੩੯੪)

ਗੁਰੂ ਦਰਬਾਰ ਵਿੱਚ ਕੀਰਤਨ ਕਰਨ ਵਾਲੇ ਸੱਤਾ ਤੇ ਬਲਵੰਡ ਰਬਾਬੀ ਨੂੰ ਚੁੱਕ-ਚੁਕਾ ਕੇ ਪ੍ਰਿਥੀ ਚੰਦ ਨੇ ਗੁਰੂ ਸਾਹਿਬ ਲਈ ਇੱਕ ਨਵੀਂ ਸਮੱਸਿਆ ਖੜ੍ਹੀ ਕਰ ਦਿੱਤੀ। ਗੁਰੂ ਸਾਹਿਬ ਆਪ ਚਲਕੇ ਉਨ੍ਹਾਂ ਦੇ ਘਰ ਗਏ ਕਿ ਆ ਕੇ ਕੀਰਤਨ ਕਰਨ, ਪਰ ਸਿੱਖ ਸਿਖਾਏ ਉਹਨਾਂ ਅਗੋਂ ਖਰ੍ਹਵੇ ਬੋਲ ਬੋਲੇ। ਸ਼ਾਂਤੀ ਦੇ ਪੁੰਜ ਸਤਿਗੁਰੂ ਆਪਣਾ ਅਨਾਦਰ ਤਾਂ ਸਹਿਨ ਕਰ ਗਏ ਪਰ ਜਦੋਂ ਉਹਨਾਂ ਗੁਰੂ ਨਾਨਕ ਸਾਹਿਬ ਬਾਰੇ ਵੀ ਕਰੜੇ ਤੇ ਘਟੀਆ ਸ਼ਬਦ ਆਖੇ ਤਾਂ ਸਹਿਨਸ਼ੀਲਤਾ ਦੇ ਸੁਆਮੀ ਸਤਿਗੁਰੂ ਜੀ ਦੇ ਕੋਮਲ



www.AKJ.Org

ਹਿਰਦੇ 'ਤੇ ਸੱਟ ਵੱਜੀ। ਆਪ ਨੇ ਸਿੱਖਾਂ ਨੂੰ ਆਪ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਸਿੱਖਾਂ ਤੇ ਗੁਰੂ ਸਾਹਿਬ ਨੇ ਰੱਲ ਕੇ ਗੁਰੂ ਦਰਬਾਰ ਵਿੱਚ ਕੀਰਤਨ ਕਰਨ ਦਾ ਮੁੱਢ ਬੰਨ੍ਹਿਆ। ਸਿੱਖਾਂ ਨੇ ਰਬਾਬੀਆਂ ਨੂੰ ਮੂੰਹ ਲਾਉਣਾ ਛੱਡ ਦਿੱਤਾ।

ਜਦੋਂ ਉਹ ਭੁੱਖੇ ਮਰਨ ਲੱਗੇ ਤੇ ਉਨ੍ਹਾਂ ਨੂੰ ਚੁੱਕਣ ਵਾਲਿਆਂ ਵੀ ਉਹਨਾਂ ਦਾ ਪੱਲਾ ਨਾ ਫੜਿਆ ਤਾਂ ਆਤੁਰ ਹੋ ਕੇ ਉਹ ਲਾਹੌਰ ਦੇ ਵਸਨੀਕ ਭਾਈ ਲੱਧਾ ਜੀ ਪਰਉਪਕਾਰੀ ਪਾਸ ਗਏ ਤੇ ਭਾਈ ਸਾਹਿਬ ਦੀ ਬੇਨਤੀ ਉਤੇ ਸਤਿਗੁਰੂ ਨੇ ਉਹਨਾਂ ਅਹੰਕਾਰੀਆਂ ਨੂੰ ਵੀ ਬਖਸ਼ ਦਿੱਤਾ, ਕਿਉਂਕਿ ਗੁਰੂ ਤਾਂ ਸਦਾ ਬਖਸ਼ਿੰਦ ਹਨ। ਉਸ ਦਾ ਬਿਰਦ ਬਖਸ਼ਿੰਦ ਹੈ। ਸੱਤੇ ਤੇ ਬਲਵੰਡ ਨੇ ਮਹਿਸੂਸ ਕੀਤਾ ਕਿ ਉਹਨਾਂ ਘੋਰ-ਪਾਪ ਕੀਤਾ ਹੈ ਪਰ ਸਤਿਗੁਰੂ ਜੀ ਨੇ ਸਾਡੇ ਨਾਲ ਕਿਵੇਂ ਸਲੂਕ ਕੀਤਾ ਹੈ। ਉਹਨਾਂ ਗੁਰੂ ਜੀ ਪਾਸੋਂ ਭੁੱਲ ਬਖਸ਼ਵਾਕੇ "ਗੁਰ-ਉਪਮਾ" ਵਿੱਚ ਇਕ ਵਾਰ ਲਿਖੀ ਜੋ ਸਹਿਨਸ਼ੀਲਤਾ ਦੇ ਪੁੰਜ, ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰ ਦਿਤੀ। ਇਸ ਘਟਨਾ ਤੋਂ ਗੁਰੂ ਸਾਹਿਬ ਦੇ "ਹਰਣ ਭਰਣ ਸਮਰੱਥ" ਹੋਣ ਦਾ ਸਬੂਤ ਮਿਲ ਜਾਂਦਾ ਹੈ।

ਗੁਰੂ ਸਾਹਿਬ ਆਪ ਸੱਚੇ ਤੇ ਸੱਚ ਦੇ ਪ੍ਰਚਾਰਕ ਸਨ। ਆਪ ਆਲਮ-ਬ-ਅਮਲ ਸਨ। ਆਪ ਕਰਮ-ਯੋਗੀ ਸਨ। ਆਪ ਕਥਨੀ ਤੇ ਕਰਨੀ ਦੇ ਪੂਰੇ ਤੇ ਅਮਲ ਦੇ ਸੂਰੇ ਸਨ। ਆਪ ਬ੍ਰਹਮ-ਗਿਆਨੀ ਸਨ। ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਸਮਸਰ ਹੁੰਦੀ ਹੈ। ਉਸ ਦੀ ਦ੍ਰਿਸ਼ਟੀ 'ਚੋਂ ਸਦਾ ਅੰਮ੍ਰਿਤ ਵਰਸਦਾ ਹੈ। ਆਪ ਜੀ ਨੇ ਜੋ ਉਪਦੇਸ਼ ਸਿੱਖ-ਸੰਗਤਾਂ ਨੂੰ ਕੀਤਾ ਉਹ ਪਹਿਲਾਂ ਆਪਣੇ ਪਿੰਡੇ ਤੇ ਹੰਢਾਇਆ। ਆਪ ਦਾ ਹਿਰਦਾ ਸਹਿਨਸ਼ੀਲਤਾ ਦਾ ਗਹਿਰਾ ਸਮੁੰਦਰ ਸੀ। ਔਕੜਾਂ ਦੇ ਬਾਵਜੂਦ ਆਪ ਨੇ ਕਦੇ ਕੌੜਾ ਬਚਨ ਮੂੰਹ 'ਚੋਂ ਨਹੀਂ ਸੀ ਅਲਾਇਆ। ਆਪ ਦੂਜੇ ਦੀ ਨਿੰਦਿਆ ਕਰਨ ਦੀ ਥਾਂ ਆਪਣੇ ਆਪ ਨੂੰ ਨਿਮਾਣਾ ਤੇ ਮੰਦਾ ਕਹਿਣ ਵਿੱਚ ਭਲਾ ਸਮਝਦੇ ਸਨ। ਆਪ ਜੀ ਦਾ ਕਥਨ ਹੈ-

**"ਕਰਨ ਨ ਸੁਨੈ ਕਾਹੂ ਕੀ ਨਿੰਦਾ।।**
**ਸਭ ਤੇ ਜਾਨੈ ਆਪਸ ਕਉ ਮੰਦਾ।।**

(ਗਉੜੀ ਸੁਖਮਨੀ ਮ: ੫, ਪੰਨਾ ੨੭੪)

ਆਪ ਇਸ ਵਿਚਾਰ ਦੇ ਧਾਰਨੀ ਸਨ **"ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ।।"** (ਗਉੜੀ ਮ: ੫, ਪੰਨਾ ੨੫੯)

ਇਤਨੇ ਮਹਾਨ, ਗੁਰੂ ਹੁੰਦਿਆਂ ਹੋਇਆਂ ਇਤਨੀ ਸਹਿਨਸ਼ੀਲਤਾ ਦੇ ਸੁਆਮੀ ਸਨ ਕਿ ਆਪਣੇ ਬਾਰੇ ਕਹਿੰਦੇ ਹਨ, "ਹੇ ਪ੍ਰਭੂ ਮੈਂ ਤਾਂ ਹਾਂ ਹੀ ਭੁੱਲਣਹਾਰ, ਤੁਹਾਡਾ ਬਿਰਦ ਪਾਪੀਆਂ ਨੂੰ ਤਾਰਨਾ ਹੈ। ਮੇਰੇ ਉਤੇ ਕਿਰਪਾ ਕਰਕੇ ਦਰਸ਼ਨਾਂ ਦੀ ਦਾਤ ਬਖਸ਼ੋ **"ਹਮਰੋ ਸਹਾਉ ਸਦਾ ਸਦ ਭੂਲਨ ਤੁਮਰੋ ਬਿਰਦੁ ਪਤਿਤ ਉਧਰਨ।। ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ ਜੀਵਨ ਪਦ ਨਾਨਕ ਹਰਿ ਦਰਸਨ।।"**

(ਬਿਲਾਵਲੁ ਮ: ੫, ਪੰਨਾ ੮੨੮)

ਆਪ ਨੂੰ ਕੋਈ ਬਿਗਾਨਾ ਜਾਂ ਵੈਰੀ ਨਹੀਂ ਦਿਸਦਾ ਸੀ। ਸਗਲੀ ਮਨੁੱਖਤਾ ਨਾਲ ਆਪ ਦਾ ਨਾਤਾ ਸੀ। ਕਿਸੇ ਨਾਲ ਵੀ ਵੈਰ-ਵਿਰੋਧ ਨਹੀਂ। ਜੋ ਆਪ ਦੀ ਜਾਨ ਦੇ ਵੈਰੀ ਸਨ। ਆਪ ਦਾ ਉਨ੍ਹਾਂ ਨਾਲ ਵੀ ਕੋਈ ਵੈਰ ਨਹੀਂ ਸੀ। ਆਪ ਕਹਿੰਦੇ ਹੀ ਨਹੀਂ ਸਨ ਇਸ ਉਤੇ ਪੂਰਾ-ਪੂਰਾ ਅਮਲ ਵੀ ਕਰਦੇ ਸਨ--

**"ਬਿਸਰਿ ਗਈ ਸਭ ਤਾਤਿ ਪਰਾਈ।।**
**ਜਬ ਤੇ ਸਾਧ ਸੰਗਤਿ ਮੋਹਿ ਪਾਈ।। ਰਹਾਉ।।**
**ਨਾ ਕੋ ਬੈਰੀ ਨਹੀ ਬਿਗਾਨਾ**
**ਸਗਲ ਸੰਗਿ ਹਮ ਕਉ ਬਨਿ ਆਈ।।"**

(ਕਾਨੜਾ ਮ: ੫, ਪੰਨਾ ੧੨੯੯)

ਆਪ ਭਾਣੇ, ਹੁਕਮ ਤੇ ਰਜ਼ਾ ਵਿਚ ਸਦਾ ਰਾਜ਼ੀ ਰਹਿੰਦੇ ਸਨ। ਕਿਸੇ ਔਖੀ ਘੜੀ ਵੀ ਆਪ ਦੇ ਮਨ ਦਾ ਸੰਤੁਲਨ ਨਹੀਂ ਵਿਗੜਿਆ। ਆਪ ਦਾ ਵਿਸ਼ਵਾਸ਼ ਸੀ ਕਿ ਸਭ ਸੁਖ-ਦੁਖ ਪ੍ਰਭੂ ਦੇ ਭਾਣੇ ਵਿੱਚ ਵਾਪਰਦਾ ਹੈ। ਰਜ਼ਾ ਵਿੱਚ ਰਾਜ਼ੀ ਰਹਿਣ ਨਾਲ ਹੀ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ।

**"ਭਾਣਾ ਮੰਨੇ ਸਦਾ ਸੁਖੁ ਹੋਇ।।**

(ਆਸਾ ਮਹਲਾ ੩)

**ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ।।"**

(ਆਸਾ ਮਹਲਾ ੫)

**"ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ।।**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ।।**
**ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ।।**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ।।"**

(ਕਾਨੜਾ ਮ: ੫, ਪੰਨਾ ੧੩੦੨)

**"ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ।।**
**ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ।।"**

(ਮਾਰੂ ਮਹਲਾ ੫, ਪੰਨਾ ੧੦੦੦)



www.AKJ.Org

ਗੁਰੂ ਸਾਹਿਬ ਦੀ ਸਹਿਨਸ਼ੀਲਤਾ ਦੀ ਸਿਖਰ ਦਾ ਉਸ ਸਮੇਂ ਪਤਾ ਲੱਗਦਾ ਹੈ ਜਦੋਂ ਪ੍ਰਿਥੀ ਚੰਦ ਦੀ ਸ਼ੈਕ ਤੇ ਸੁਲਹੀ ਖਾਨ ਨੇ ਗੁਰੂ ਜੀ 'ਤੇ ਹੱਲਾ ਕਰਨ ਦੇ ਇਰਾਦੇ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਗੁਰੂ ਸਾਹਿਬ ਨੇ ਆਪਣੀ ਸਹਿਨਸ਼ੀਲਤਾ ਦਾ ਪੱਲਾ ਨਾ ਤਿਆਗਿਆ ਤੇ ਵਾਹਿਗੁਰੂ ਅੱਗੇ ਬੇਨਤੀ ਕੀਤੀ। "**ਸੁਲਹੀ ਤੇ ਨਾਰਾਇਣ ਰਾਖੁ।। ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ।।**" ਅੰਤਲੀ ਤੁੱਕ ਵਿੱਚ ਪ੍ਰਭੂ ਤੋਂ ਬਲਿਹਾਰ ਜਾਂਦੇ ਹੋਏ ਉਸ ਦਾ ਧੰਨਵਾਦ ਕਰਦੇ ਹੋਏ ਕਹਿੰਦੇ ਹਨ, "**ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ**"।

(ਬਿਲਾਵਲੁ ਮ: ੫, ਪੰਨਾ ੮੨੫)

ਹਰੀ ਦੇ ਭਗਤਾਂ ਉਤੇ ਭਾਵੇਂ ਕੁਝ ਪਿਆ ਵਾਪਰੇ ਉਹ ਸ਼ਿਕਾਇਤ ਨਹੀਂ ਕਰਦੇ, ਉਲਾਂਭਾ ਨਹੀਂ ਦੇਂਦੇ, ਸਗੋਂ ਰਜ਼ਾ ਵਿੱਚ ਰਾਜ਼ੀ ਰਹਿਕੇ ਭਾਣਾ ਮੰਨਦੇ ਹਨ। ਐਸੀ ਸਹਿਨਸ਼ੀਲਤਾ ਸਤਿਸੰਗ ਕਰਕੇ ਹੀ ਪ੍ਰਾਪਤ ਹੋ ਸਕਦੀ ਹੈ। ਗੁਰੂ ਸਾਹਿਬ ਦਾ ਰੱਬੀ ਭਰੋਸਾ ਹੇਠ ਲਿਖੇ ਸ਼ਬਦ ਵਿੱਚ ਸਿਖਰਾਂ ਛੂੰਹਦਾ ਦਿਸਦਾ ਹੈ, ਜਦੋਂ ਆਪ ਫਰਮਾਂਦੇ ਹਨ-

**"ਉਲਾਹਨੋ ਮੈ ਕਾਹੂ ਨ ਦੀਓ।।**
**ਮਨ ਮੀਠ ਤੁਹਾਰੋ ਕੀਓ।। ਰਹਾਉ।।**
**ਆਗਿਆ ਮਾਨਿ ਜਾਨਿ ਸੁਖੁ ਪਾਇਆ**
**ਸੁਨਿ ਸੁਨਿ ਨਾਮੁ ਤੁਹਾਰੋ ਜੀਓ।।**
**ਈਹਾਂ ਊਹਾ ਹਰਿ ਤੁਮਹੀ ਤੁਮਹੀ**
**ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ।।**
**ਜਬ ਤੇ ਜਾਨਿ ਪਾਈ ਏਹ ਬਾਤਾ**
**ਤਬ ਕੁਸਲ ਖੇਮ ਸਭ ਥੀਓ।।**
**ਸਾਧ ਸੰਗਿ ਨਾਨਕ ਪਰਗਾਸਿਓ**
**ਆਨ ਨਾਹੀ ਰੇ ਬੀਓ।।** "

(ਨਟ ਨਾਰਾਇਨ ਮਹਲਾ ੫, ਪੰਨਾ ੯੭੮)

ਗੁਰੂ ਸਾਹਿਬ ਦਾ ਅਟੱਲ ਭਰੋਸਾ ਹੈ ਕਿ ਸਦੀਵੀ ਸੁੱਖ ਕੇਵਲ ਪ੍ਰਮਾਤਮਾ ਦੇ ਸਿਮਰਨ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਹਿਬਜ਼ਾਦਾ ਹਰਿਗੋਬਿੰਦ ਜੀ ਦੇ ਬੀਮਾਰੀ ਤੋਂ ਰਾਜ਼ੀ ਹੋਣ ਤੇ ਸ਼ੁਕਰਾਨੇ ਵਜੋਂ ਜੋ ਸ਼ਬਦ ਆਪ ਨੇ ਉਚਾਰਿਆ, ਉਸ ਤੋਂ ਆਪ ਦੇ ਰੱਬੀ ਭਰੋਸੇ ਦਾ ਪਤਾ ਲੱਗਦਾ ਹੈ। ਆਪ ਦਾ ਫੁਰਮਾਨ ਹੈ- "**ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।। ਨਾਨਕ ਜੋਰੁ ਗੋਬਿੰਦ ਕਾ ਪੂਰਨ ਗੁਣਤਾਸਿ।।** (ਬਿਲਾਵਲੁ ਮ: ੫, ਪੰਨਾ ੭੧੯)

ਗੁਰੂ ਸਾਹਿਬ ਦੇ ਹਿਰਦੇ ਵਿੱਚ ਇਤਨੀ ਨਿਮ੍ਰਤਾ ਹੈ ਕਿ ਉਹ ਆਪਣੀ ਅਲਪੱਗਤਾ ਦਾ ਵਰਨਣ ਕਰਦੇ ਹੋਏ, ਆਪਣੀ ਦੀਨ-ਦਸ਼ਾ ਤੇ ਅਕਾਲ ਪੁਰਖ ਦੀ ਰਹਿਮਤ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ -

**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ।।**
**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ।।**
**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ।।**
**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ।। ਰਹਾਉ।।**

(ਬਿਲਾਵਲੁ ਮ: ੫, ਪੰਨਾ ੮੦੯)

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।।**
**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ।।**
**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ।।**
**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ।। ਰਹਾਉ।।**"

(ਬਿਲਾਵਲੁ ਮ: ੫, ਪੰਨਾ ੮੦੯)

ਆਪ ਜੀ ਦਾ ਵਿਸ਼ਵਾਸ਼ ਹੈ ਕਿ ਗੁਰੂ ਦੀ ਸੰਗਤ ਤੇ ਮਿਹਰ ਨਾਲ ਲੂਲ੍ਹੇ ਪਰਬਤਾਂ ਨੂੰ ਪਾਰ ਕਰ ਜਾਂਦੇ ਹਨ, ਅਗਿਆਨੀ ਲੋਕ ਚਤੁਰ ਤੇ ਸਿਆਣੇ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਤਿੰਨਾਂ ਲੋਕਾਂ ਦੀ ਸੋਝੀ ਹੋ ਜਾਂਦੀ ਹੈ। ਇਹ ਸਭ ਵਡਿਆਈ ਪਵਿੱਤਰ ਗੁਰੂ ਦੇ ਮਿਲਾਪ ਨਾਲ ਹੁੰਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬ ਜਿਥੇ ਅਤਿ ਦਰਜੇ ਦੇ ਸਹਿਨਸ਼ੀਲ ਸਨ ਉਥੇ ਅਕਾਲ ਪੁਰਖ ਉਤੇ ਭਰੋਸਾ ਵੀ ਆਪ ਜੀ ਦਾ ਅਥਾਹ ਸੀ। ਦੈਵੀ ਭਰੋਸੇ ਦੇ ਆਧਾਰ ਤੇ ਆਪ ਪ੍ਰਭੂ ਪ੍ਰਮਾਤਮਾ ਅੱਗੇ ਅਰਜੋਈ ਬੇਨਤੀ ਕਰਦੇ ਲਿਖਦੇ ਹਨ--

"**ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ।।**
**ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ।।**"

(ਮਲਾਰ ਮ: ੫, ਪੰਨਾ ੧੨੭੩)

"**ਜਨ ਕੋ ਪ੍ਰਭੁ ਸੰਗੇ ਅਸਨੇਹੁ।।**
**ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ।।ਰਹਾਉ।।**
**ਮਾਨੁ ਮਾਂਗਉ ਤਾਨੁ ਮਾਂਗਉ**
**ਧਨੁ ਲਖਮੀ ਸੁਤ ਦੇਹ।।**
**ਮੁਕਤਿ ਜੁਗਤਿ ਭੁਗਤਿ ਪੂਰਨ**
**ਪਰਮਾਨੰਦ ਪਰਮ ਨਿਧਾਨ।।**
**ਭੈ ਭਾਇ ਭਗਤਿ ਨਿਹਾਲ**
**ਨਾਨਕ ਸਦਾ ਸਦਾ ਕੁਰਬਾਨ।।**"

(ਕਾਨੜਾ ਮ: ੫, ਪੰਨਾ ੧੩੦੭-੦੮)

ਆਪ ਜੀ ਦੇ ਦ੍ਰਿੜ੍ਹ ਵਿਸ਼ਵਾਸ਼ ਦਾ ਉਲੇਖ ਆਪ ਦੇ ਇਕ ਸ਼ਬਦ ਵਿੱਚ ਮਿਲਦਾ ਹੈ, ਜਿਸ ਵਿੱਚ ਉਹ ਆਪਣੇ ਆਪ ਨੂੰ ਪ੍ਰਭੂ ਦੀ "ਰਾਮ ਕਾਰ " ਵਿੱਚ ਸੁਰਖਿਅਤ ਮੰਨਦੇ

ਬਾਕੀ ਪੰਨਾ ੩੧ ਤੇ............



www.AKJ.Org

# ਦੁਖੁ ਦਾਰੂ

ਡਾ: ਪਰਮਜੀਤ ਕੌਰ,
(ਗੁਰੂ ਨਾਨਕ ਗਰਲਜ਼ ਕਾਲਜ, ਯਮੁਨਾ ਨਗਰ)

ਦੁੱਖ ਅਤੇ ਸੁਖ ਦਾ ਮੇਲ ਹੀ ਜੀਵਨ ਹੈ। ਦੁੱਖ ਤੋਂ ਬਾਦ ਸੁਖ ਅਤੇ ਸੁਖ ਤੋਂ ਬਾਦ ਦੁੱਖ ਇਹ ਚੱਕਰ ਚਲਦਾ ਹੀ ਰਹਿੰਦਾ ਹੈ-

**ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥**

(ਮ: ੧ , ਪੰਨਾ ੧੪੯)

ਸੰਸਾਰਿਕ ਭੋਗ-ਵਿਲਾਸ ਅਤੇ ਧਨਾਦਿਕ ਨੂੰ ਹੀ ਸੁਖ ਦਾ ਸਾਧਨ ਸਮਝਣ ਵਾਲਾ ਮਨੁੱਖ ਦੁੱਖ ਵਿੱਚ ਡੋਲ ਜਾਂਦਾ ਹੈ, ਘਬਰਾ ਜਾਂਦਾ ਹੈ, ਇਸ ਲਈ ਸਦਾ ਸੁਖ ਦੀ ਕਾਮਨਾ ਕਰਦਾ ਰਹਿੰਦਾ ਹੈ ਪਰ ਗੁਰਮਤਿ ਵਿੱਚ ਦੁੱਖ ਨੂੰ ਦਾਰੂ ਅਤੇ ਸੁਖ ਨੂੰ ਰੋਗ ਕਿਹਾ ਗਿਆ ਹੈ- **ਦੁਖੁ ਦਾਰੂ ਸੁਖੁ ਰੋਗੁ ਭਇਆ**

(ਆਸਾ ਮ:੧, ਪੰਨਾ ੪੬੯ )

ਇੱਥੇ ਵਿਚਾਰ ਇਹ ਕਰਨੀ ਹੈ ਕਿ ਸੰਸਾਰਿਕ ਸੁਖ ਕਦੋਂ ਤੇ ਕਿਉਂ ਰੋਗ ਬਣ ਜਾਂਦਾ ਹੈ ਅਤੇ ਦੁਖ ਕਿਵੇਂ ਦਾਰੂ ਬਣਦਾ ਹੈ ?

ਜਿਉਂ ਜਿਉਂ ਮਨੁੱਖ ਨੂੰ ਸੰਸਾਰਿਕ ਸੁਖ ਪ੍ਰਾਪਤ ਹੁੰਦੇ ਹਨ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਕਾਰਾਂ ਵਿੱਚ ਲਿਪਤ ਹੁੰਦਾ ਜਾਂਦਾ ਹੈ ਅਤੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ-

**ਜੇਤਾ ਮੋਹੁ ਪਰੀਤਿ ਸੁਆਦ॥**
**ਸਭਾ ਕਾਲਖ ਦਾਗਾ ਦਾਗ॥**
**ਦਾਗ ਦੋਸ ਮੁਹਿ ਚਲਿਆ ਲਾਇ॥**
**ਦਰਗਹ ਬੈਸਣ ਨਾਹੀ ਜਾਇ॥**

(ਪੰਨਾ ੬੬੨)

ਬਹੁਤੇ ਸੁਖਾਂ ਦੀ ਲਾਲਸਾ ਮਨੁੱਖ ਨੂੰ ਮੰਦੇ ਕਰਮਾਂ ਵੱਲ ਪ੍ਰੇਰਦੀ ਹੈ, ਉਸਦਾ ਹਿਰਦਾ ਪਵਿੱਤ੍ਰ ਨਹੀਂ ਰਹਿਣ ਦੇਂਦੀ ਅਤੇ ਹਉਮੈਂ ਦਾ ਕਾਰਣ ਵੀ ਬਣਦੀ ਹੈ।

ਗੁਰੂ ਅਰਜਨ ਦੇਵ ਜੀ ਦ੍ਰਿਸਟਾਂਤ ਦੁਆਰਾ ਸਮਝਾਉਂਦੇ ਹਨ ਕਿ ਜਿਵੇਂ ਰਾਤ ਵੇਲੇ ਸ਼ਿਕਾਰੀ ਹਰਨ ਨੂੰ ਜਾਲ ਵਿੱਚ ਫਸਾਣ ਲਈ ਚੰਦ ਵਰਗਾ ਚਾਨਣ ਕਰਦਾ ਹੈ ਅਤੇ ਹਰਨ ਚੰਦ ਵਰਗਾ ਚਾਨਣ ਵੇਖਦੇ ਸ਼ਿਕਾਰੀ ਦੇ ਜਾਲ ਵਿੱਚ ਫਸ ਜਾਂਦਾ ਹੈ ਤਿਵੇਂ ਹੀ ਮਨੁੱਖ ਮਾਇਕ ਪਦਾਰਥਾਂ ਦੀ ਚਮਕ-ਦਮਕ ਵੇਖਕੇ ਮਾਇਆ ਦੇ ਜਾਲ ਵਿਚ ਫਸਦਾ ਜਾਂਦਾ ਹੈ ਪਰ ਜਿਨ੍ਹਾਂ ਸੁਖਾਂ ਲਈ ਫਸਦਾ ਹੈ ਉਹ [illegible] ਦੁੱਖ ਦਾ ਕਾਰਣ ਬਣ ਜਾਂਦੇ ਹਨ ਫਿਰ ਵੀ ਮਨੁਖ ਇਹ ਪਾਪ [illegible] ਕਮਾਉਂਦਾ ਹੈ-

**ਦੁਖਹ [illegible] ਜਿਨੑੀ ਪੋਇ ਰੈਣਿ ਚੰਦਾਇਣੁ॥**
**[illegible] ਕਿਤ ਪਾਪ ਕਮਾਇਆ॥**

([illegible] ਪੰਨਾ ੪੬੦)

ਇਸ ਲਈ [illegible] ਲੋਕਾਂ [illegible] ਅਕਾਲ ਪੁਰਖ ਵਾਹਿਗੁਰੂ ਨੂੰ [illegible]

**ਖਸਮੁ ਵਿਸਾਰਿ ਕੀਏ ਰਸ ਭੋਗ॥**
**ਤਾ ਤਨਿ ਉਠਿ ਖਲੋਏ ਰੋਗ॥**

(ਮਲਾਰ ਮ:੧, ਪੰਨਾ ੧੨੫੬)

ਪਰਮਾਤਮਾ ਜੀਵਾਂ ਦੇ ਅੰਦਰਲੇ ਮੈਲੇ ਸੰਸਕਾਰਾਂ ਨੂੰ ਕਢਣ ਲਈ ਉਹਨਾਂ ਨੂੰ ਦੁੱਖ ਰੂਪੀ ਕੋਲ੍ਹੂ ਵਿਚ ਪਾ ਕੇ ਮਾਨੋਂ ਤੇਲ ਵਾਂਗ ਪੀੜਦਾ ਹੈ-

**ਦੁਖਿ ਲਏ ਲੇਖਾ ਪੀੜਿ ਛੁਟੇ ਨਾਨਕਾ ਜਿਉ ਤੇਲੁ॥**

(ਆਸਾ ਦੀ ਵਾਰ ਮ:੧, ਪੰਨਾ ੪੭੩)

ਦੁੱਖ ਮਨੁੱਖ ਨੂੰ ਪਰਮਾਤਮਾ ਨਾਲ ਜੋੜਦੇ ਹਨ। ਜਦੋਂ ਜੀਵਨ ਵਿਚ ਦੁੱਖ ਆਉਂਦੇ ਹਨ, ਹਰੇਕ ਮਨੁੱਖ ਬਾਰ ਬਾਰ ਪ੍ਰਭੂ ਨੂੰ ਯਾਦ ਕਰਦਾ ਹੈ, ਉਸਦਾ ਮਨ ਵਿਸ਼ੇ ਵਿਕਾਰਾਂ ਵਲੋਂ ਪਰਤ ਜਾਂਦਾ ਹੈ, ਉਹ ਪਰਮਾਤਮਾ ਦੀ ਸਿਫਤਿ-ਸਲਾਹ ਕਰਦਾ ਹੈ, ਸੰਤੋਖੀ ਹੋ ਜਾਂਦਾ ਹੈ। ਅਕਾਲ ਪੁਰਖ ਵਾਹਿਗੁਰੂ ਨੂੰ ਬਾਰ ਬਾਰ ਯਾਦ ਕਰਨ ਨਾਲ ਪ੍ਰਭੂ ਨਾਲ ਪ੍ਰੇਮ ਬਣ ਜਾਂਦਾ ਹੈ। ਪਰਮਾਤਮਾ ਨਾਲ ਪ੍ਰੇਮ ਕਰਨ ਨਾਲ ਦੇਣ ਦਾ ਸੁਭਾਵ ਬਣਦਾ ਜਾਂਦਾ ਹੈ ਅਤੇ ਤ੍ਰਿਸ਼ਨਾ ਦੀ ਭੁੱਖ ਮੁੱਕ ਜਾਂਦੀ ਹੈ। ਇਸ ਤਰ੍ਹਾਂ ਜੀਵਨ ਵਿਚ ਆਏ ਹੋਏ ਦੁੱਖ ਸੁਖ ਦਾ ਆਧਾਰ ਬਣ ਜਾਂਦੇ ਹਨ। ਗੁਰ-ਵਾਕ ਹੈ-

**ਦੁਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ॥**
**ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ॥**

(ਪ੍ਰਭਾਤੀ ਮ: ੧, ਪੰਨਾ ੧੩੨੮)

ਇਸ ਤਰ੍ਹਾਂ ਦੁਨੀਆਵੀ ਦੁੱਖ ਵੀ ਪਰਮਾਤਮਾ ਦੀ ਕਿਰਪਾ ਦਾ ਵਸੀਲਾ ਬਣ ਜਾਂਦੇ ਹਨ। ਦੁੱਖ ਰੂਪੀ ਦਾਰੂ ਨਾਲ ਮਾਇਆ ਦੀ ਭੁੱਖ ਦੂਰ ਹੋ ਜਾਂਦੀ ਹੈ, ਹਉਮੈ ਰੋਗ ਕੱਟਿਆ ਜਾਂਦਾ ਹੈ ਅਤੇ ਸਾਰੇ ਚਿੰਤਾ ਤਣਾਓ ਜਨਿਤ ਦੋਸ਼ ਨਸ਼ਟ ਹੋ ਜਾਂਦੇ ਹਨ। ਇਸ ਲਈ ਦੁੱਖ ਨੂੰ ਵੀ ਪਰਮਾਤਮਾ ਦੀ ਦਾਤਿ ਕਿਹਾ ਗਿਆ ਹੈ-

**ਕੇਤਿਆ ਦੂਖ ਭੂਖ ਸਦ ਮਾਰ॥**
**ਏਹਿ ਭਿ ਦਾਤਿ ਤੇਰੀ ਦਾਤਾਰ॥**

(ਜਪੁਜੀ, ਪਉੜੀ ੨੫)

ਗੁਰੂ ਨਾਨਕ ਦੇਵ ਜੀ ਇਸ ਨੂੰ ਵਿਸਤਾਰ ਨਾਲ



www.AKJ.Org

ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਦੁਨੀਆਂ ਦੇ ਦੁੱਖ-ਕਲੇਸ਼ ਇਨਸਾਨੀ ਜੀਵਨ ਲਈ ਜ਼ਹਿਰ ਹਨ ਪਰ ਜੇਕਰ ਇਸ ਜ਼ਹਿਰ ਨੂੰ ਕੁਸ਼ਤਾ ਕਰਨ ਲਈ ਪਰਮਾਤਮਾ ਦੇ ਨਾਮ ਨੂੰ ਜੜੀ ਬੂਟੀ ਅਤੇ ਮਸਾਲੇ ਦੀ ਥਾਂ ਵਰਤਿਆ ਜਾਵੇ, ਉਸ ਕੁਸ਼ਤੇ ਨੂੰ ਬਰੀਕ ਕਰਨ ਲਈ ਸੰਤੋਖ ਦੀ ਸਿਲ ਬਣਾਈ ਜਾਏ ਅਤੇ ਲੋੜਵੰਦੀਆਂ ਦੀ ਸਹਾਇਤਾ ਕਰਨ ਲਈ ਦਿੱਤੇ ਦਾਨ ਨੂੰ ਆਪਣੇ ਹੱਥ ਵਿੱਚ ਪੀਹਣ ਵਾਲਾ ਵੱਟਾ ਬਣਾ ਲਈਏ, ਇਹ ਤਿਆਰ ਹੋਇਆ ਕੁਸ਼ਤਾ ਸਦਾ ਖਾਂਦੇ ਰਹੀਏ ਤਾਂ ਮਨੁੱਖਾ-ਜਨਮ ਤੋਂ ਹੋਣ ਵਾਲੀਆਂ ਜੂਨਾਂ ਵਿਚ ਜਾਣ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਾਂ। ਦੁੱਖ-ਦਾਰੂ ਮਨੁੱਖ ਨੂੰ ਵਿਕਾਰਾਂ ਵਾਲੇ ਰਸਤੇ ਤੋਂ ਹਟਾ ਕੇ ਪ੍ਰਭੂ ਦੇ ਨੇੜੇ ਲੈ ਜਾਂਦਾ ਹੈ-

> **ਦੁਖ ਮਹੁਰਾ ਮਾਰਣ ਹਰਿ ਨਾਮੁ।।**
> **ਸਿਲਾ ਸੰਤੋਖ ਪੀਸਣੁ ਹਥਿ ਦਾਨੁ।।**
> **ਨਿਤ ਨਿਤ ਲੇਹੁ ਨ ਛੀਜੈ ਦੇਹ।।**
> **ਅੰਤ ਕਾਲਿ ਜਮੁ ਮਾਰੈ ਠੇਹ।।੧।।**
> **ਐਸਾ ਦਾਰੂ ਖਾਹਿ ਗਵਾਰ।।**
> **ਜਿਤੁ ਖਾਧੈ ਤੇਰੇ ਜਾਹਿ ਵਿਕਾਰ।। ਰਹਾਉ।।**

(ਮਲਾਰ ਮ:੧, ਪੰਨਾ ੧੨੫੬)

ਇਸ ਪ੍ਰਮਾਣ ਵਿਚ ਦੇਖਦਾ ਹਾਂ ਕਿ ਜੇਕਰ ਕਿਸ ਮਨੁੱਖ ਦੇ ਜੀਵਨ ਵਿਚ ਦੁਖ ਹੀ ਦੁਖ ਹਨ ਤਾਂ ਉਹ ਦੁਖ ਨੂੰ ਦਾਰੂ ਕਿਵੇਂ ਸਮਝੇ?

ਇਹ ਠੀਕ ਹੈ ਕਿ ਮਨੁੱਖ ਨੂੰ ਦੁਖ ਅਤੇ ਸੁਖ ਰੂਪੀ ਫਲ ਆਪਣੇ ਕਰਮਾਂ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ। ਗੁਰ ਵਾਕ ਹਨ-

(ੳ) **ਆਪੇ ਬੀਜਿ ਆਪੇ ਹੀ ਖਾਹੁ।।** (ਜਪੁਜੀ, ਪਉੜੀ ੨੦)

(ਅ) **ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ।।**

(ਗਉੜੀ ਬੈਰਾਗਣਿ ਮ: ੧, ਪੰਨਾ ੧੫੭)

ਪਰ ਗੁਰਮਤਿ ਅਨੁਸਾਰ ਕਰਮ ਅਟੱਲ ਨਹੀਂ ਹਨ ਅਮਿਟ ਨਹੀਂ ਹਨ। ਕਰਮ ਫਲ ਦਾ ਕਾਰਣ ਹਨ ਪਰ ਫਲ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ-ਅਨੁਸਾਰ ਮਿਲਦਾ ਹੈ। ਪਰਮਾਤਮਾ ਕਰਮਾਂ ਨੂੰ ਤੋਲਦਾ, ਪੜਤਾਲਦਾ ਹੈ-

> **ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ।।**

(ਮ: ੧, ਪੰਨਾ ੧੨੪੧)

ਕਰਮ ਅਮਿੱਟ ਨਹੀਂ, ਕਰਮਾਂ ਅਨੁਸਾਰ ਪ੍ਰਭੂ ਦਾ ਲਿਖਿਆ ਲੇਖ ਅਮਿੱਟ ਹੈ, ਮਨੁੱਖ ਭੁੱਲਣਹਾਰ ਹੈ। ਸਾਰੇ ਕਰਮ ਸ਼ੁਧ ਨਹੀਂ ਹੋ ਸਕਦੇ ਪਰ ਮਨੁੱਖ ਪ੍ਰਭੂ ਦੇ ਹੁਕਮ ਅੰਦਰ ਤੁਰਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰ ਸਕਦਾ ਹੈ। ਪ੍ਰਭੂ ਬਖਸ਼ਨਹਾਰ ਹੈ, ਕ੍ਰਿਪਾਲੂ ਹੈ-

(ਕ) **ਅਸੰਖ ਖਤੇ ਖਿਨ ਬਖਸਨਹਾਰਾ ।।**
**ਨਾਨਕ ਸਾਹਿਬ ਸਦਾ ਦਇਆਰਾ।।**

(ਗਉੜੀ ਬਾਵਨ ਅਖਰੀ ਮ: ੫ ਪੰਨਾ ੨੬੦)

(ਖ) **ਜਿਨੀ ਪਛਾਤਾ ਹੁਕਮੁ ਤਿਨ ਕਦੇ ਨ ਰੋਵਣਾ।।**

(ਗੂਜਰੀ ਕੀ ਵਾਰ ਮ: ੫, ਪੰਨਾ ੫੨੩)

ਕਰਮਾਂ ਨੂੰ ਕੱਟਣ ਲਈ ਨਾਮ ਸਮਰਥ ਹੈ। ਨਾਮ ਹੀ 'ਹੁਕਮ ਰਜਾਈ' ਚਲਣਾ ਸਿਖਾਂਦਾ ਹੈ। ਨਾਮ ਮਨੁੱਖ ਨੂੰ ਪਰਮਾਤਮਾ ਨਾਲ ਜੋੜਦਾ ਹੈ, ਨਾਮ ਵਿਚ ਚਿਤ ਨੂੰ ਲਗਾਂਦਾ ਹੈ, ਇਸ ਲਈ ਦੁਖ ਦਾਰੂ ਬਣ ਜਾਂਦਾ ਹੈ। ਮਨੁੱਖ ਦੁਖਾਂ ਤੋਂ ਪਰੇਸ਼ਾਨ ਹੋਕੇ ਇਹ ਨਹੀਂ ਸੋਚਣਾ ਚਾਹੀਦਾ ਕਿ ਪਰਮਾਤਮਾ ਨੂੰ ਉਸ ਨਾਲ ਕੋਈ ਰੰਜਿਸ਼ ਹੈ। ਪ੍ਰਭੂ ਤਾਂ ਨਿਰਵੈਰ ਹੈ। ਪਰਮਾਤਮਾ ਦੁਆਰਾ ਦਿੱਤੇ ਗਏ ਦੁਖ ਮਨੁੱਖ ਨੂੰ ਦੰਡ ਦੇਣ ਲਈ ਨਹੀਂ, ਉਸਨੂੰ ਪ੍ਰਭੂ ਨਾਲ ਜੋੜਨ ਲਈ ਹੀ ਹੁੰਦੇ ਹਨ। ਜਿਉਂ ਜਿਉਂ ਅੰਦਰ ਨਾਮ ਵਸੇਗਾ, ਅੰਤਹਕਰਣ ਪਵਿੱਤ੍ਰ ਹੁੰਦਾ ਜਾਏਗਾ ਅਤੇ ਬੁਰੇ ਸੰਸਕਾਰ ਜਿਹੜੇ ਕਰਮ ਘੜਦੇ ਹਨ, ਮਿਟਦੇ ਜਾਣਗੇ। ਇਸ ਤਰ੍ਹਾਂ ਹੀ ਮਨੁੱਖ ਦਾ ਦੁਖ ਦੂਰ ਹੋ ਜਾਏਗਾ।

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਮਨੁੱਖ ਲਈ ਦੁਖ ਦਾਰੂ ਬਣ ਜਾਂਦਾ ਹੈ ਉਹ ਪਰਮਾਤਮਾ ਦੇ ਪ੍ਰੇਮ-ਰੰਗ ਵਿੱਚ ਰੰਗਿਆ ਜਾਂਦਾ ਹੈ। ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਨਾਲ ਉਸਦਾ ਮਨ ਸ਼ਾਂਤ ਹੋ ਜਾਂਦਾ ਹੈ, ਪੰਜ ਦੂਤ ਵੱਸ ਵਿਚ ਹੋ ਜਾਂਦੇ ਹਨ, ਦੁਖ, ਰੋਗ, ਸੰਤਾਪ ਉਤਰ ਜਾਂਦੇ ਹਨ। ਨਾਮ ਜੀਵਨ ਦਾ ਆਧਾਰ ਬਣ ਜਾਂਦਾ ਹੈ, ਤ੍ਰਿਸ਼ਨਾ ਖਤਮ ਹੋ ਜਾਂਦੀ ਹੈ, ਹਉਮੈ ਰੋਗ ਕਟਿਆ ਜਾਂਦਾ ਹੈ, ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ ਅਤੇ ਮਨ-ਤਨ ਅਰੋਗ ਹੋ ਜਾਂਦੇ ਹਨ-

> **ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ।।**
> **ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ।।**

(ਗਉੜੀ ਬਾਵਨ ਅਖਰੀ ਮ: ੫ ਪੰਨਾ ੨੬੦)

• • • • • • • • • • • • •

> **ਆਵਹੁ ਭੈਣੇ ਗਲਿ ਮਿਲਹ, ਅੰਕਿ ਸਹੇਲੜੀਆਹ।।**
> **ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।।**
> **ਸਾਚੇ ਸਾਹਿਬ ਸਭਿ ਗੁਣ, ਅਉਗਣ ਸਭਿ ਅਸਾਹ।।**
>
> (ਸਿਰੀ ਰਾਗ ਮ: ੧, ਪੰਨਾ ੧੭)
>
> **ਗੁਰਮੁਖਿ ਜਾਗਿ ਰਹੇ ਦਿਨ ਰਾਤੀ।। ਸਾਚੇ ਕੀ ਲਿਵ ਗੁਰਮਤਿ ਜਾਤੀ।। ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ।।੪।।** (ਮਾਰੂ ਮ: ੧, ਪੰਨਾ ੧੦੨੪)



www.AKJ.Org

# ਗੁਪਤ ਮਿਲਣੀ ਦੀ ਖੁਸ਼ਬੋ'

(ਇਕ ਬੀਬੀ)

ਇਲਾਹੀ ਸੁੰਦਰਤਾ ਅਤੇ ਭਗਤੀ ਰਸ ਨਾਲ ਰਸੇ ਹੋਏ ਸ੍ਰੀ ਹਰਮੰਦਰ ਸਾਹਿਬ ਵਿੱਚ ਅੰਮਿ੍ਤ ਵੇਲੇ ਦਾ ਕੀਰਤਨ **"ਬਬੀਹਾ ਅੰਮ੍ਰਿਤ ਵੇਲੈ ਬੋਲਿਆ।।"** ਸ਼ਬਦ ਨਾਲ ਅਰੰਭ ਹੋਇਆ। ਇਉਂ ਲਗੇ ਜਿਵੇਂ ਸਤਿਗੁਰਾਂ ਨੇ ਰਾਗੀ ਸਿੰਘਾਂ ਦੇ ਗਲੇ ਵਿੱਚ ਕਰੁਣਾ ਰਸ ਦੇ ਸਾਗਰਾਂ ਵਿਚ ਡੁੱਬੇ ਹੋਏ ਪਪੀਹੇ ਦਾ ਦਿਲ ਰਖ ਦਿਤਾ ਹੋਵੇ। ਪ੍ਰੇਮ-ਘਟਾਵਾਂ ਦੀਆਂ ਘਨਘੋਰਾਂ ਪੈਣ ਲੱਗੀਆਂ। ਸਦੀਆਂ ਦੀ ਔੜ ਦੇ ਸੋਕਿਆਂ ਦੇ ਮਾਰੇ ਦਿਲਾਂ ਉਤੇ ਮਲਹਾਰ ਰਾਗ ਦੇ ਸੱਚੇ ਸੁੱਚੇ ਸੁਰਾਂ ਦੀ ਛਹਿਬਰ ਰਾਹੀਂ ਅੰਮ੍ਰਿਤ ਬਾਣੀ ਦਾ ਰਸ ਟਪਕਣ ਲੱਗਿਆ। ਸਿਮਰਨ ਵਿੱਚ ਗੜੂੰਦ ਹੋਏ ਨਾਮ ਅਭਿਆਸੀਆਂ ਉਤੇ ਅਜਰ ਦੀਆਂ ਬਿਜਲੀਆਂ ਚਮਕਣ ਲਗੀਆਂ।

**"ਮੇਘੈ ਨੋ ਫੁਰਮਾਨੁ ਹੋਆ, ਵਰਸਹੁ ਕਿਰਪਾ ਧਾਰਿ"**

(ਪੰਨਾ ੧੨੮੫)

ਕੀਰਤਨੀਏ ਸਿੰਘਾਂ ਦੀ ਸੁਰਤੀ ਬਿਰਤੀ ਵੀ ਉਚੀ ਸੁੱਚੀ ਸੀ, ਜਿਸ ਕਰਕੇ ਉਹ ਸਰੋਤਿਆਂ ਦੀਆਂ ਸੁਰਤੀਆਂ ਨੂੰ ਉਪੱਰ ਚੁੱਕਣ ਵਿੱਚ ਸਹਾਈ ਹੋ ਰਹੇ ਸਨ। ਅੰਮ੍ਰਿਤ ਵੇਲੇ ਨਾਮ-ਰਸ ਵਿੱਚ ਲੀਨ ਹੋਣ ਵਾਲੇ ਗੁਰਸਿਖਾਂ ਦੀਆਂ ਰੰਗੀਆਂ ਰੂਹਾਂ ਦੇ ਕੋਲ ਬੈਠਣ ਦਾ ਫਲ ਮੈਨੂੰ ਵੀ ਮਿਲ ਰਿਹਾ ਸੀ। ਉੱਚੇ ਮੰਡਲਾਂ ਦੀ ਸੈਰ ਕਰ ਰਹੇ ਰੰਗਲੇ ਸਜਣਾਂ ਦੀ ਸੰਗਤ ਦਾ ਅਸਰ ਮੇਰੇ ਉਤੇ ਵੀ ਪੈ ਰਿਹਾ ਸੀ। ਰੱਤੜੇ ਚੋਲੇ ਵਾਲੇ ਆਪ ਚਲੂਲੇ ਰੰਗਾਂ ਵਿੱਚ ਭਿੱਜੇ ਹੋਏ ਸਨ ਅਤੇ ਕੋਲ ਬੈਠੀ ਨੂੰ ਮੈਨੂੰ ਵੀ ਭਿਓਂ ਰਹੇ ਸਨ। ਗੁਰੂ ਪਿਆਰ ਦੀਆਂ ਰੇਸ਼ਮੀ ਕਿਰਨਾਂ ਦੀ ਬੁਛਾੜ ਨੇ ਮੈਨੂੰ ਆਪਣੀ ਲਪੇਟ ਵਿੱਚ ਲੈ ਲਿਆ ਤੇ ਮੈਂ ਆਪਣੀ ਸੁਰਤੀ ਦੇ ਸਹਾਰੇ ਅਪਰੰਪਰ ਸੁਆਮੀ ਦੀ ਹੋਂਦ ਨੂੰ ਉੱਚੇ ਵਿਸ਼ਾਲ ਮੰਡਲਾਂ ਵਿੱਚ ਜਾ ਕੇ ਮਹਿਸੂਸ ਕਰਨ ਲਗੀ। ਉਸ ਓਅੰਕਾਰ ਦੇ ਦੇਸ਼ ਵਿੱਚ ਪਸਰੇ ਠੰਡੇ ਮਿਠੇ ਪ੍ਰਕਾਸ਼ ਵਿੱਚ ਅੰਮ੍ਰਿਤ ਕੀਰਤਨ ਦੇ ਸੁਰ ਰੰਗ ਬਰੰਗੇ ਨੂਰ ਦੀਆਂ ਬੂੰਦਾਂ ਬਣ ਕੇ ਰੰਗ ਬਰੰਗਾ ਮੀਂਹ ਵਰਸਾਉਣ ਲੱਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਆਉਣ ਦਾ ਸਮਾਂ ਹੋ ਗਿਆ। ਸੰਗਤ ਪਹਿਲਾਂ ਵਾਗੂੰ ਟਾਵੀਂ ਟਾਵੀਂ ਨਹੀਂ ਸੀ ਬੈਠੀ ਹੋਈ ਸਗੋਂ ਅੰਦਰ ਬੈਠਣ ਨੂੰ ਥਾਂ ਨਹੀਂ ਸੀ ਲੱਭਦੀ ਤੇ ਕੁਝ ਸੰਗਤ ਬਾਹਰ ਬੈਠੀ ਹੋਈ ਸੀ। ਕੁਝ ਲੋਕੀਂ ਪਿਛੋਂ ਆ ਕੇ ਅੱਗੇ ਹੋ ਕੇ ਬੈਠਣ ਦੀ ਇੱਛਾ ਨਾਲ ਕਿਸੇ ਨਾ ਕਿਸੇ ਤਰੀਕੇ ਅੱਗੇ ਜਾਣ ਦੀ ਕੋਸ਼ਿਸ਼ ਵਿਚ ਸਨ। ਇਕ ਪੇਂਡੂ ਸਾਦ-ਮੁਰਾਦੇ ਲੜਕੇ ਦੀਆਂ ਅਖੀਆਂ ਵਿਚੋਂ ਗੁਰੂ-ਦਰਸ ਪਿਆਸ ਦੀਆਂ ਲਿਸ਼ਕੋਰਾਂ ਦਿਸੀਆਂ। ਸ਼ਾਇਦ ਉਸਨੇ ਪਹਿਲਾਂ ਕਦੀ ਅੰਮ੍ਰਿਤ ਵੇਲੇ ਦਾ ਨਜ਼ਾਰਾ ਨਹੀਂ ਸੀ ਦੇਖਿਆ। ਉਹ ਮੈਨੂੰ ਹੌਲੇ ਜਿਹੇ ਪੁਛਣ ਲੱਗਿਆ "ਬੀਬੀ ਜੀ ! ਪਾਲਕੀ ਸਾਹਿਬ ਕਿੱਥੇ ਹੈ ? ਸੱਚੇ ਪਾਤਿਸ਼ਾਹ ਦਾ ਸਰੂਪ ਕਿੱਥੇ ਹੈ ?" ਮੈਂ ਉਸਨੂੰ ਬਾਹਰ ਦਰਸ਼ਨੀ ਡਿਓੜੀ ਵਲ ਜਾ ਕੇ ਪਾਲਕੀ ਸਾਹਿਬ ਦੇ ਦਰਸ਼ਨ ਕਰਨ ਲਈ ਕਿਹਾ ਤੇ ਨਾਲ ਹੀ ਇਹ ਕਿਹਾ ਕਿ ਜਦੋਂ ਸੱਚੇ ਪਾਤਿਸ਼ਾਹ ਦਾ ਸਰੂਪ ਅੰਦਰ ਆ ਜਾਵੇ ਤਾਂ ਉਹ ਇੱਥੇ ਮੇਰੇ ਕੋਲ ਪਹੁੰਚ ਜਾਵੇ।

ਸੰਗਤ ਦੀ ਭੀੜ ਵਧਣ ਲੱਗੀ। ਕੁਝ ਦਰਸ ਪਿਆਸੀਆਂ ਅੱਖੀਆਂ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਹ ਵੱਲ ਤੱਕਣ ਲੱਗੇ। ਕਈ ਸਾਦ-ਮੁਰਾਦੇ ਸਿਰਫ ਹਾਜ਼ਰੀ ਭਰਨ ਦੇ ਖਿਆਲ ਵਿਚ ਇਹੀ ਜਾਣਦੇ ਸੀ ਕਿ ਉਹ ਗੁਰੂ ਘਰ ਪਹੁੰਚ ਗਏ ਹਨ, ਗੁਰੂ ਨੇ ਉਨ੍ਹਾਂ ਨੂੰ ਦੇਖ ਕੇ ਹਾਜ਼ਰੀ ਲਗਾ ਲਈ ਹੈ। ਕਈ ਐਸੇ ਵੀ ਸਨ ਜਿਹੜੇ ਪਿਆਰੇ ਪ੍ਰੀਤਮ ਦੇ ਦਰਸ਼ਨਾਂ ਦੇ ਅਮਲੀ ਬਣ ਚੁੱਕੇ ਸਨ। ਦਰਸ਼ਨਾਂ ਤੋਂ ਬਿਨਾਂ ਉਹ ਰਹਿ ਨਹੀਂ ਸਕਦੇ, ਦੁਨੀਆਂ ਦੀ ਕੋਈ ਤਾਕਤ ਉਨ੍ਹਾਂ ਨੂੰ ਦਰਸ਼ਨਾਂ ਲਈ ਜਾਣ ਤੋਂ ਰੋਕ ਨਹੀਂ ਸਕਦੀ। ਦਰਸ਼ਨ ਕਰ ਉਹ ਮਹਾਂ ਅਨੰਦ ਦੇ ਸਾਗਰਾਂ ਵਿਚ ਤਾਰੀਆਂ ਲਾਉਂਦੇ ਹਨ। ਤੇ ਕੁਝ ਐਸੇ ਸੱਜਣ ਵੀ ਸਨ ਜਿਹੜੇ ਦਰਸ਼ਨ ਕਰਨ ਵਾਲਿਆਂ ਦੀ ਮੋਹਰਲੀ ਕਤਾਰ ਵਿਚ ਖੜ੍ਹ ਕੇ ਮਹਾਂਪੁਰਸ਼ਾਂ ਦੀ ਗਿਣਤੀ ਵਿਚ ਆਪਣਾ ਨਾਮ ਜੋੜਦੇ ਹਨ। ਉਨ੍ਹਾਂ ਦੀ ਇੱਛਾ ਇਹ ਹੁੰਦੀ ਹੈ ਕਿ ਉਹਨਾਂ ਨੂੰ ਹਰ ਕੋਈ ਦੇਖ ਲਵੇ ਕਿ ਉਹ ਰੱਬ ਦੇ ਨੇੜਲੇ ਬੰਦਿਆਂ ਵਿਚ ਮੋਹਰਲੀ ਕਤਾਰ ਵਿਚ ਖੜ੍ਹੇ ਹਨ। ਅਸਲ ਵਿਚ ਇਹ ਦਸੋਂ ਪਾਤਸ਼ਾਹੀਆਂ ਦੇ ਸਰੂਪ ਜੁਗੋ ਜੁਗ ਅਟੱਲ ਸਤਿਗੁਰਾਂ ਨੂੰ ਨਹੀਂ ਲੱਭਦੇ ਸਗੋਂ ਲੋਕਾਂ ਦੀਆਂ ਨਜ਼ਰਾਂ ਵਿਚੋਂ ਆਪਣੇ ਆਪ ਨੂੰ ਲਭਦੇ ਹੋਏ ਸਭ ਤੋਂ ਅੱਗੇ ਖੜ੍ਹੇ ਹੋਣ ਵਿਚ ਆਪਣੀ ਸ਼ਾਨ ਸਮਝਦੇ ਹਨ।

ਹੁਣ ਰੇਡੀਓ ਤੋਂ ਵੀ ਦਰਬਾਰ ਸਾਹਿਬ ਦੇ ਕੀਰਤਨ ਦਾ ਪ੍ਰੋਗਰਾਮ ਪ੍ਰਸਾਰਿਤ ਕੀਤਾ ਜਾ ਰਿਹਾ ਸੀ। ਕਈ ਲੋਕੀਂ ਇਹ ਵੀ ਮਹਿਸੂਸ ਕਰਦੇ ਸੀ ਕਿ ਉਨ੍ਹਾਂ ਦੇ ਸਤਿਨਾਮ ਵਾਹਿਗੁਰੂ ਦੇ ਜਾਪ ਜਾਂ ਕੀਰਤਨ ਰਾਹੀਂ ਉਨ੍ਹਾਂ ਦੀ ਆਵਾਜ਼ ਰੇਡੀਓ ਰਾਹੀਂ ਹਰ ਪਾਸੇ ਜਾ ਰਹੀ ਹੋਵੇਗੀ।

ਇਕ ਖਾਸ ਕਿਸਮ ਦੇ ਸਾਜ਼ ਵਿਚੋਂ ਸੰਖ ਵਰਗੀ ਮਿੱਠੀ ਪਿਆਰੀ ਧੁਨੀ ਸੁਣਾਈ ਦਿੱਤੀ ਤੇ ਸਾਰੀ ਸੰਗਤ ਉਠ ਕੇ ਖੜ੍ਹ ਗਈ। ਸਤਿਨਾਮ ਵਾਹਿਗੁਰੂ ਦੇ ਜਾਪ ਦੀ ਗੁੰਜਾਰ



www.AKJ.Org

ਆਉਣ ਲੱਗੀ। ਗ੍ਰੰਥੀ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਬੜੇ ਆਦਰ ਸਤਿਕਾਰ ਨਾਲ ਸਿਰ ਉੱਤੇ ਚੁੱਕੀ ਅੰਦਰ ਲੈ ਕੇ ਆਏ। ਉਹ ਲੜਕਾ ਭੀੜ ਨੂੰ ਚੀਰਦਾ ਹੋਇਆ ਮੇਰੇ ਕੋਲ ਆ ਕੇ ਕਹਿਣ ਲੱਗਾ "ਬੀਬੀ ਜੀ ! ਮੈਂ ਆ ਗਿਆ।" ਖੁਸ਼ੀ ਨਾਲ ਨਿਹਾਲ ਹੋਏ ਨੂੰ ਦੇਖ ਕੇ ਮੈਨੂੰ ਵੀ ਖੁਸ਼ੀ ਹੋਈ। ਮੈਂ ਉਸਨੂੰ ਬੈਠਣ ਲਈ ਆਪਣੀ ਥਾਂ ਦੇ ਦਿੱਤੀ ਅਤੇ ਆਪ ਬਾਹਰ ਚਲੀ ਗਈ। ਉਪਰ ਗਈ... ਸਾਰੀਆਂ ਬਾਰੀਆਂ ਭਰੀਆਂ ਪਈਆਂ ਸੀ, ਕਿਧਰੇ ਬੈਠਣ ਲਈ ਥਾਂ ਨਹੀਂ ਸੀ। ਪਿਛਲੀ ਖਿੜਕੀ ਵਿਚ ਦਰਸ਼ਨੀ ਡਿਓੜੀ ਵੱਲ ਪਿੱਠ ਕਰਕੇ ਬੈਠ ਗਈ। ਖੁੱਲੇ ਦਰਸ਼ਨ ਦੀਦਾਰਿਆਂ ਦੀ ਲੜਕੇ ਦੀ ਰੀਝ ਪੂਰੀ ਕਰਨ ਦੀ ਖੁਸ਼ੀ ਸੀ ਪਰ ਨਾਲ ਹੀ ਆਪਣੇ ਲਈ ਵੀ ਦਰਸ਼ਨਾਂ ਦੀ ਸਿੱਕ ਪੈਦਾ ਹੋ ਰਹੀ ਸੀ।

ਬੈਠੀ ਬੈਠੀ ਨੇ ਮੈਂ ਉਪਰ ਛੱਤ ਵੱਲ ਦੇਖਿਆ ਤਾਂ ਮੇਰੀ ਇੱਛਾ ਦੂਣੀ ਚੌਣੀ ਹੋ ਕੇ ਬਹੁਤ ਹੀ ਸੋਹਣੇ ਅਤੇ ਰੌਚਿਕ ਤਰੀਕੇ ਨਾਲ ਪੂਰੀ ਹੋਣ ਲੱਗ ਪਈ। ਸੋਨੇ ਦੀ ਛੱਤ ਵਿਚ ਸ਼ੀਸ਼ੇ ਜੜੇ ਹੋਏ ਸਨ। ਹਰ ਸ਼ੀਸ਼ੇ ਵਿਚੋਂ ਪਿਆਰੇ ਪਿਆਰੇ ਸਤਿਗੁਰਾਂ ਦੇ ਦਰਸ਼ਨ ਹੋਣ ਲੱਗੇ। ਜਿਉਂ ਹੀ ਗ੍ਰੰਥੀ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ..... ਟੇਬਲ ਲੈਂਪ ਦੀ ਰੌਸ਼ਨੀ ਵਿਚ ਇਕੱਲੀ ਇਕੱਲੀ ਲਾਇਨ ਅਤੇ ਅੱਖਰ ਦੇਖ ਕੇ ਸਿਰ ਤੋਂ ਪੈਰਾਂ ਤੱਕ ਝਰਨਾਹਟਾਂ ਛਿੜ ਗਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੁਕਮ-ਨਾਮੇ ਰਾਹੀਂ ਸੁਣ ਕੇ ਇਓਂ ਲੱਗੇ ਜਿਵੇਂ ਇਹਨਾਂ ਪੰਨਿਆਂ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਸਾਡੇ ਨਾਲ ਗੱਲਾਂ ਕਰਦੇ ਹੋਣ। ਮੈਂ ਇਕੱਲੇ ਇਕੱਲੇ ਸ਼ੀਸ਼ੇ ਵਲ ਨੀਝਾਂ ਲਾ ਕੇ ਰੀਝਾਂ ਨਾਲ ਦੇਖਾਂ। ਹਰ ਇਕ ਸ਼ੀਸ਼ੇ ਨੂੰ ਦੇਖਣ ਲਈ ਮਨ ਤਰਸੇ। ਪਰ ਮੇਰੇ ਕੋਲ ਤਾਂ ਸਿਰਫ ਦੋ ਹੀ ਅੱਖੀਆਂ ਸਨ। ਇਸ ਲਈ ਕਦੀ ਕਿਸੇ ਵੱਲ ਦੇਖਾਂ ਅਤੇ ਕਦੀ ਕਿਸੇ ਸ਼ੀਸ਼ੇ ਵੱਲ ਦੇਖਾਂ। ਗੁਰੂ ਜੀ ਦਾ ਫੁਰਮਾਨ ਸੁਣਾਂ ਤੇ ਅੱਖੀਆਂ ਨਾਲ ਸ਼ੀਸ਼ਿਆਂ ਵਿਚੋਂ ਸੱਚੇ ਪਾਤਿਸ਼ਾਹ ਦਾ ਪ੍ਰਕਾਸ਼ ਦੇਖਾਂ। ਪ੍ਰਕਾਸ਼..... ਜਿਸ ਵਿਚੋਂ ਦਸੋਂ ਪਾਤਿਸ਼ਾਹੀਆਂ ਦੀ ਜੋਤ ਦਿਸ ਰਹੀ ਸੀ.....। ਪ੍ਰਕਾਸ਼..... ਜਿਸ ਦੇ ਹੱਥ ਸਾਡੀ ਬਾਂਹ ਫੜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ- "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ। ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ.....।।" ਸ਼ੀਸ਼ਿਆਂ ਵਿਚੋਂ ਗੁਰੂ ਜੀ ਦਾ ਸ਼ਾਹੀ ਜਲੌ ਦਿਸਣ ਲੱਗਿਆ। ਸੁੰਦਰ ਰੁਮਾਲਿਆਂ ਉੱਤੇ ਕੀਤੀ ਮੀਨਾਕਾਰੀ ਦੀ ਚਮਕ ਸ਼ੀਸ਼ਿਆਂ ਵਿਚੋਂ ਹੋਰ ਵੀ ਲਿਸ਼ਕਾਂ ਮਾਰ ਰਹੀ ਸੀ। ਇਕ ਅਲੌਕਿਕ ਨਜ਼ਾਰਾ ਸੀ। ਸਚੇ ਪਾਤਿਸ਼ਾਹ ਨੇ ਦਰਸ਼ਨ ਦੇਣ ਦਾ ਇਹ ਕਿੰਨਾ ਸੋਹਣਾ ਤਰੀਕਾ ਵਰਤਿਆ। ਸੋਨੇ ਰੰਗੀ ਛਤ ਵਿਚੋਂ ਸ਼ੀਸ਼ਿਆਂ ਥਾਣੀ ਉਹ "ਝਾਤ" ਕਹਿ ਰਿਹਾ ਸੀ। "ਝਾਤ" ਕਹਿ ਕਹਿ ਉਹ ਬੱਚਿਆਂ ਵਾਗੂੰ ਖਿੜ ਰਿਹਾ ਸੀ ਤੇ ਮੈਨੂੰ ਖਿੜਾ ਰਿਹਾ ਸੀ।

ਸ਼ੁਕਰਾਨੇ ਦੀ ਅਰਦਾਸ ਕਰ ਮੈਂ ਸਤਿਗੁਰਾਂ ਦੇ ਦਰ ਉੱਤੇ ਸੀਸ ਟਿਕਾ ਕੇ ਖੇੜੇ ਨਾਲ ਲੱਦੀ ਹੋਈ ਦਰਸ਼ਨੀ ਡਿਓੜੀ ਵਲ ਜਾ ਰਹੀ ਸੀ ਕਿ ਉਹੀ ਲੜਕਾ ਜਿਸਨੂੰ ਮੈਂ ਦਰਸ਼ਨ ਕਰਨ ਲਈ ਠੀਕ ਥਾਂ ਉਤੇ ਬਿਠਾ ਕੇ ਆਈ ਸੀ- ਦੌੜਾ ਦੌੜਾ ਆਇਆ ਅਤੇ ਮੇਰੇ ਪੈਰਾਂ ਨੂੰ ਹੱਥ ਲਾ ਕੇ ਕਹਿਣ ਲੱਗਿਆ, "ਬੀਬੀ ਜੀ ! ਤੁਸੀਂ ਮੇਰੇ ਉਤੇ ਬੜੀ ਕਿਰਪਾ ਕੀਤੀ.....। ਤੁਹਾਡੇ ਕਰਕੇ ਅੱਜ ਮੈਂ....।" ਉਸ ਤੋਂ ਬੋਲਿਆ ਕੁਝ ਨਹੀਂ ਸੀ ਜਾਂਦਾ ਪਰ ਖੁਸ਼ੀ ਨਾਲ ਹਾਲੋਂ ਬੇਹਾਲ ਹੋਇਆ ਉਹ ਮੇਰਾ ਧੰਨਵਾਦ ਕਰੀ ਜਾ ਰਿਹਾ ਸੀ। ਉਸ ਦੀ ਖੁਸ਼ੀ ਵਿਚੋਂ ਮੈਨੂੰ ਉਸਦੀ ਆਪਣੇ ਸਾਂਈਂ ਨਾਲ ਹੋਈ ਗੁਪਤ ਮਿਲਣੀ ਦੀ ਖੁਸ਼ਬੂ ਆ ਰਹੀ ਸੀ। ਸਚੀਂ ! ਉਹ ਮਹਿਕਿਆ ਪਿਆ ਸੀ...., ਰੰਗਿਆ ਪਿਆ ਸੀ...., ਖਿੜਿਆ ਪਿਆ ਸੀ..... ਆਪਣੇ ਪਿਆਰੇ ਦੀ ਝਲਕ ਨਾਲ...। ਮੈਂ ਉਸਦੇ ਹੱਥ ਆਪਣੇ ਪੈਰਾਂ ਤੋਂ ਫੜ ਕੇ ਆਪਣੇ ਹੱਥਾਂ ਵਿਚ ਘੁੱਟ ਲਏ.... ਪਰ ਕੁਝ ਬੋਲਿਆ ਨਾ ਗਿਆ। ਨਾ ਉਸ ਕੋਲੋਂ..... ਨਾ ਮੈਥੋਂ.....। ਖੁਸ਼ੀ ਰੰਗੀਆਂ ਅੱਖੀਆਂ ਰਾਹੀਂ ਉਹ ਕਹਿ ਰਿਹਾ ਸੀ ਕਿ ਮੈਂ ਉਸਦੀ ਪ੍ਰੀਤ ਮਿਲਣੀ ਵਿਚ ਸਹਾਈ ਹੋਈ ਹਾਂ। ਓਧਰ ਮੇਰਾ ਦਿਲ ਮੇਰੀਆਂ ਅੱਖੀਆਂ ਰਾਹੀਂ ਉਸਨੂੰ ਅਲੌਕਿਕ "ਝਾਤ" ਦੀ ਕਹਾਣੀ ਪਾ ਕੇ ਦੱਸ ਰਿਹਾ ਸੀ ਕਿ ਜੇ ਮੈਂ ਉਸ ਲੜਕੇ ਦੀ ਖੁਸ਼ੀ ਦਾ ਖਿਆਲ ਕਰਕੇ ਉਸਨੂੰ ਆਪਣੀ ਥਾਂ ਉੱਤੇ ਬਿਠਾ ਕੇ ਉਪਰ ਨਾ ਜਾਂਦੀ ਤਾਂ ਅੱਜ ਮੈਨੂੰ "ਝਾਤ" ਕਹਿ ਕੇ ਰੰਗਲੇ ਦਰਸ਼ਨ ਕਿਵੇਂ ਹੋਣੇ ਸਨ ?

••••••

ਪੰਨਾ ੨੭ ਦਾ ਬਾਕੀ............

ਹੋਏ ਫੁਰਮਾਂਦੇ ਹਨ ਕਿ ਪ੍ਰਭੂ ਦੀ ਸ਼ਰਨ ਵਿੱਚ ਗਇਆਂ ਤਾਂ ਤੱਤੀ-ਹਵਾ ਵੀ ਨਹੀਂ ਲਗਦੀ। ਆਪ ਦਾ ਕਥਨ ਹੈ-

**"ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ।।**
**ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨਾ ਭਾਈ।।**
**ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ।।"**

(ਬਿਲਾਵਲੁ ਮਹਲਾ ੫, ਪੰਨਾ ੮੧੯)

ਇਸ ਸੰਖੇਪ ਜਿਹੇ ਵਿਵਰਣ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਅਰਜਨ ਸਾਹਿਬ ਦੇ ਹਿਰਦੇ ਵਿੱਚ ਸ਼ਹਿਨਸ਼ੀਲਤਾ ਤੇ ਪ੍ਰਭੂ-ਭਰੋਸਾ ਸਿਖਰਾਂ ਤੇ ਹੋਣ ਕਰਕੇ, ਆਪ ਹਰਖ -ਸੋਗ ਤੋਂ ਸਦਾ ਮੁਕਤ ਰਹਿੰਦੇ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਆਪ "ਹਰਣ ਭਰਣ ਸਮਰਥ" ਸਨ।

•••••••



www.AKJ.Org

## ਵਾਰ ਮਾਰੂ ਡਖਣੇ (੨)

ਡਖਣੇ ਮ: ੫।।

ਜੇ ਤੂ ਵਤਹਿ ਅੰਙਣੇ, ਹਭ ਧਰਤਿ ਸੁਹਾਵੀ ਹੋਇ।।
ਹਿਕਸੁ ਕੰਤੈ ਬਾਹਰੀ, ਮੈਡੀ ਵਾਤ ਨ ਪੁਛੈ ਕੋਇ।।੧।।
ਮ:੫।।ਹਭੇ ਟੋਲ ਸੁਹਾਵਣੇ, ਸਹੁ ਬੈਠਾ ਅੰਙਣੁ ਮਲਿ।।
ਪਹੀ ਨ ਵੰਞੈ ਬਿਰਥੜਾ, ਜੋ ਘਰਿ ਆਵੈ ਚਲਿ।।੨।।
ਮ:੫।।ਸੇਜ ਵਿਛਾਈ ਕੰਤ ਕੂ, ਕੀਆ ਹਭੁ ਸੀਗਾਰੁ।।
ਇਤੀ ਮੰਝਿ ਨ ਸਮਾਵਈ, ਜੇ ਗਲਿ ਪਹਿਰਾ ਹਾਰੁ।।੩।।

**ਉਚਾਰਣ** : ਹਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾਂ ਦਾ ਉਚਾਰਣ ਨਾਸਕੀ ਹੈ:
ਵਤਹਿ – ਆ ਵਸੇਂ। ਪਹਿਰਾ – ਮੈਂ ਪਹਿਨ (ਪਾ) ਲਵਾਂ। ਇਤੀ – 'ਤ' ਦੀ ਧੁਨੀ ਦਾ ਉਚਾਰਣ ਦੁੱਤ ਕਰ ਕੇ।

**ਪਦ ਅਰਥ** : ਵਤਹਿ – ਆ ਜਾਏਂ। ਅੰਙਣੇ – (ਹਿਰਦੇ ਰੂਪੀ) ਵਿਹੜੇ ਵਿੱਚ। ਹਭ – ਸਾਰੀ। ਧਰਤਿ – (ਸਰੀਰ) ਧਰਤੀ। ਸੁਹਾਵੀ– ਸ਼ੋਭਾ ਵਾਲੀ। ਹਿਕਸੁ – ਕੇਵਲ ਇਕ। ਕੰਤੈ ਬਾਹਰੀ – ਪਤੀ ਤੋਂ ਵਿਰਵੀ (ਵਿਛੜੀ ਹੋਈ) ਦੀ। ਮੈਡੀ – ਮੇਰੀ। ਵਾਤ – ਖ਼ਬਰ, ਸੁਰਤ।੧।

ਹਭੇ – ਸਾਰੇ। ਟੋਲ – ਅਡੰਬਰ, ਸ਼ੋਭਾ ਦੇ ਸਾਮਾਨ। ਸਹੁ – ਪ੍ਰਭੂ-ਪਤੀ। ਅੰਙਣੁ – (ਹਿਰਦਾ ਰੂਪ) ਵਿਹੜਾ। ਮਲਿ – ਮਲ ਕੇ। ਪਹੀ – ਰਾਹੀ, ਪਾਂਧੀ, ਅਭਿਆਗਤ। ਨ ਵੰਞੈ – ਨਹੀਂ ਜਾਂਦਾ। ਬਿਰਥੜਾ – ਖ਼ਾਲੀ। ਘਰਿ – (ਹਿਰਦੇ) ਘਰ ਵਿੱਚ।੨।

ਕੰਤ ਕੂ – ਪਤੀ ਲਈ। ਹਭੁ – ਸਾਰਾ। ਇਤੀ – ਏਨੀ ਵੀ (ਵਿਥ) ਮੰਝਿ – ਵਿਚਕਾਰ (ਮੇਰੇ ਅਤੇ ਪਤੀ ਦੇ)। ਨ ਸਮਾਵਈ – ਨਹੀਂ ਸਮਾਅ ਸਕਦੀ (ਗੁੰਜਾਇਸ਼ ਨਹੀਂ) ਗਲਿ – ਗਲ ਵਿੱਚ।੩।

**ਅਰਥ** : (ਪਿਆਰੇ ਕੰਤ!) ਜੇ ਤੂੰ ਮੇਰੇ ਹਿਰਦੇ ਵਿਹੜੇ ਵਿੱਚ ਆ ਵਸੇਂ, ਸਾਰੀ ਸਰੀਰ ਧਰਤੀ ਸ਼ੋਭਨੀਕ ਹੋ ਜਾਏ। ਇਕ ਤੋਂ ਕੰਤ ਤੋਂ ਛੁਟੜ ਹੋਈ ਦੀ ਮੇਰੀ ਵਾਤ (ਸਾਰ ਖ਼ਬਰ) ਹੀ ਕੋਈ ਨਹੀਂ ਪੁੱਛਦਾ।੧।

ਜਦੋਂ ਪ੍ਰਭੂ-ਪਤੀ ਹਿਰਦਾ-ਵਿਹੜਾ ਮਲੀ ਬੈਠਾ ਹੋਵੇ ਤਾਂ ਸਾਰੇ ਅਡੰਬਰ (ਸ਼ੋਭਾ ਦੇ ਸਾਮਾਨ) ਸੁਭਾਇਮਾਨ ਹੋ ਜਾਂਦੇ ਹਨ, ਕੋਈ ਵੀ ਜਗਿਆਸੂ-ਪਾਂਧੀ ਜੋ ਬਾਹਰਲੀ ਝਾਕ ਛੱਡ ਕੇ ਹਿਰਦੇ-ਘਰ ਚਲ ਆਉਂਦਾ ਹੈ, ਉਹ ਖਾਲੀ ਨਹੀਂ ਜਾਂਦਾ, (ਭਾਵ, ਵਰੋਸਾਇਆ ਜਾਂਦਾ ਹੈ)।੨।

ਮੈਂ ਆਪਣੇ ਪਤੀ (ਦੇ ਸੰਜੋਗ) ਲਈ (ਹਿਰਦੇ-ਤਖ਼ਤ ਉਤੇ) ਸੇਜਾ ਸਵਾਰੀ ਹੈ, ਆਤਮ ਅਨੰਦ ਦਾ ਸਾਰਾ (ਸਹਜ) ਸ਼ਿੰਗਾਰ ਕੀਤਾ ਹੈ। ਹੁਣ (ਮੇਰੇ ਤੇ ਪਤੀ ਦੇ) ਵਿਚਕਾਰ ਏਨੀ ਵਿਥ ਵੀ ਨਹੀਂ ਸਹਾਰੀ ਜਾਂਦੀ ਕਿ ਗਲ ਵਿਚ ਹਾਰ ਹੀ ਪਹਿਨ ਲਵਾਂ। (ਭਾਵ, ਅਸਲ ਸ਼ਿੰਗਾਰ ਤਾਂ ਉਹ ਹਨ, ਜੋ ਪ੍ਰਭੂ ਪਤੀ ਦੇ ਮਿਲਾਪ ਵਿੱਚ ਸਹਾਈ ਹੋਣ, ਪਰ ਜਿਹੜੇ ਸ਼ਿੰਗਾਰ ਪਤੀ-ਮਿਲਾਪ ਵਿੱਚ ਵਿੱਥ ਪਾਉਣ, ਉਨ੍ਹਾਂ ਨਾਲ ਸਾਂਝ ਕਾਹਦੀ ?।੩।

ਪਉੜੀ।।

ਤੂ ਪਾਰਬ੍ਰਹਮੁ ਪਰਮੇਸਰੁ, ਜੋਨਿ ਨ ਆਵਹੀ।।
ਤੂ ਹੁਕਮੀ ਸਾਜਹਿ ਸ੍ਰਿਸਟਿ, ਸਾਜਿ ਸਮਾਵਹੀ।।
ਤੇਰਾ ਰੂਪੁ ਨ ਜਾਈ ਲਖਿਆ,
ਕਿਉ ਤੁਝਹਿ ਧਿਆਵਹੀ।।
ਤੂ ਸਭ ਮਹਿ ਵਰਤਹਿ ਆਪਿ, ਕੁਦਰਤਿ ਦੇਖਾਵਹੀ।।
ਤੇਰੀ ਭਗਤ ਭਰੇ ਭੰਡਾਰ, ਤੋਟਿ ਨ ਆਵਹੀ।।
ਏਹਿ ਰਤਨ ਜਵੇਹਰ ਲਾਲ, ਕੀਮ ਨ ਪਾਵਹੀ।।
ਜਿਸੁ ਹੋਵਹਿ ਆਪਿ ਦਇਆਲੁ,
ਤਿਸੁ ਸਤਿਗੁਰ ਸੇਵਾ ਲਾਵਹੀ।।
ਤਿਸੁ ਕਦੇ ਨ ਆਵੈ ਤੋਟਿ, ਜੋ ਹਰਿ ਗੁਣ ਗਾਵਹੀ।।੩।।

**ਉਚਾਰਣ** : ਹੇਠ ਲਿਖੇ ਸ਼ਬਦਾਂ (ਜਿਨ੍ਹਾਂ ਦੇ ਅਰਥ ਨਾਲ ਦਿੱਤੇ ਹੋਏ ਹਨ) ਦੇ ਅੰਤਲੇ ਸੁਰਾ ਦਾ ਉਚਾਰਣ ਨਾਸਕੀ ਹੈ :

ਨ ਆਵਹੀ – ਤੂੰ ਨਹੀਂ ਆਉਂਦਾ। ਸਾਜਹਿ – ਤੂੰ ਸਾਜਦਾ (ਰਚਦਾ) ਹੈਂ। ਸਮਾਵਹੀ – ਤੂੰ ਸਮਾ ਜਾਂਦਾ ਹੈਂ। ਕਿਉ – ਕਿਵੇਂ ? ਧਿਆਵਹੀ – (ਜੀਵ) ਧਿਆ ਸਕਦੇ ਹਨ। ਮਹਿ – ਵਿੱਚ। ਵਰਤਹਿ – ਤੂੰ ਵਰਤਦਾ ਹੈਂ। ਦੇਖਾਵਹੀ – ਤੂੰ ਦਿਖਾਉਂਦਾ ਹੈਂ (ਆਪਣਾ ਅਰੂਪ ਰੂਪ)। ਨ ਆਵਹੀ – ਨਹੀਂ ਆਉਂਦੇ। ਨ ਪਾਵਹੀ – ਨਹੀਂ ਪਾ ਸਕਦੇ। ਹੋਵਹਿ – ਤੂੰ ਹੁੰਦਾ ਹੈਂ। ਲਾਵਹੀ – ਤੂੰ ਲਾਉਂਦਾ ਹੈਂ। ਗਾਵਹੀ – ਗਾਉਂਦੇ ਹਨ।

ਸ੍ਰਿਸਟਿ – ਵਿਚਕਾਰਲਾ 'ਸ' ਉਚਾਰਣ ਵਿਸ਼ੇਸ਼ ਧੁਨੀ।

ਤੁਝਹਿ – 'ਉਚਾਰਣ ਨਾਸਕਤਾ ਬਿਨਾਂ।

**ਪਦ ਅਰਥ** : ਜੋਨਿ – ਜੋਨੀ (ਗਰਭ) ਵਿੱਚ। ਨ ਜਾਈ ਲਖਿਆ – ਨਹੀਂ ਜਾਣਿਆ ਜਾ ਸਕਦਾ। ਤੁਝਹਿ – ਤੈ[illegible] ਤੋਟਿ ਨ ਆਵਹੀ – ਮੁਕਣ ਵਿੱਚ ਨਹੀਂ ਆਉਂਦੇ। ਕੀਮ – ਕੀਮਤ। ਨ ਆਵੈ ਤੋਟਿ – ਘਾਟ ਨਹੀਂ ਵਾਪਰਦੀ।੩।

**ਅਰਥ** : ਹੇ ਵਾਹਿਗੁਰੂ ! ਤੂੰ ਪਾਰਬ੍ਰਹਮ ਹੈਂ, ਵੱਡਿਆਂ ਤੋਂ ਵੱਡਾ ਈਸ਼ਵਰ ਹੈਂ, ਤੂੰ ਕਦੀ ਜੂਨੀ ਵਿੱਚ ਨਹੀਂ ਆਉਂਦਾ।

ਤੂੰ ਆਪਣੇ ਹੁਕਮ ਵਿੱਚ ਸ੍ਰਿਸ਼ਟੀ ਰਚਦਾ ਹੈਂ, ਅਤੇ ਰਚ ਕੇ (ਆਪਣੇ ਹੁਕਮ ਵਿੱਚ ਹੀ) ਇਸ ਨੂੰ ਲੈਅ ਕਰ ਲੈਂਦਾ ਹੈਂ।

ਤੇਰਾ (ਸਚ) ਸਰੂਪ ਜਾਣਿਆ ਨਹੀਂ ਜਾ ਸਕਦਾ,


www.AKJ.Org

ਫਿਰ ਜੀਵ ਤੈਨੂੰ ਕਿਵੇਂ ਧਿਆ ਸਕਦੇ ਹਨ ?

ਤੂੰ ਆਪ ਹੀ (ਗੁਪਤ ਰੂਪ ਵਿਚ) ਸਭਨਾਂ ਜੀਵਾਂ ਜੰਤੂਆ ਵਿੱਚ ਵਰਤਦਾ ਹੈਂ, (ਆਪਣੀ ਰਚੀ) ਕੁਦਰਤਿ ਰਾਹੀਂ (ਆਪਣਾ ਅਰੂਪ ਰੂਪ) ਪ੍ਰਗਟ ਕਰ ਰਿਹਾ ਹੈਂ।

ਤੇਰੀ ਭਗਤੀ ਦੇ ਭੰਡਾਰੇ ਸਦਾ ਭਰੇ ਰਹਿੰਦੇ ਹਨ, ਕਦੀ ਘਟਣ ਵਿੱਚ ਨਹੀਂ ਆਉਂਦੇ (ਭਾਵ, ਉਹਨਾਂ ਵਿੱਚ ਕਦੀ ਘਾਟ ਨਹੀਂ ਵਾਪਰਦੀ)।

ਇਹ (ਮਾਇਕ) ਹੀਰੇ, ਮਾਣਕ, ਰਤਨ ਆਦਿ (ਤੇਰੀ ਭਗਤੀ ਦੀ) ਕੀਮਤ ਨਹੀਂ ਪਾ ਸਕਦੇ।

ਜਿਸ ਜੀਵ ਉਤੇ ਤੂੰ ਦਇਆਵਾਨ ਹੋ ਜਾਵੇਂ ਉਸ ਨੂੰ ਸਤਿਗੁਰੂ ਦੀ ਸੇਵਾ (ਨਾਮ ਸਿਮਰਨ) ਵਿਚ ਲਾ ਦਿੰਦਾ ਹੈਂ।

ਹੇ ਹਰੀ ! ਜੋ ਜੀਵ ਤੇਰੇ ਗੁਣਾਂ ਦਾ ਗਾਇਨ ਕਰਦੇ ਹਨ, ਉਸ ਨੂੰ ਕਦੀ ਕਿਸੇ ਕਿਸਮ ਦੀ ਥੁੜ ਨਹੀਂ ਆਉਂਦੀ।੩।

• • • • • • •

ਪੰਨਾਂ ੨੪ ਦਾ ਬਾਕੀ........

ਹੋ ਕੇ ਹਾਰ ਖਾ ਗਏ। ਇਹ ਸੋਨੇ ਦੀ ਚਿੜੀਆ ਨਹੀਂ, ਸਗੋਂ ਬਾਜ਼ ਸੀ।

ਆਪ ਜੀ ਦੇ ਅਕਾਲ ਚਲਾਣੇ ਸਮੇਂ ਗਿਆਨੀ ਹਰਬੰਸ ਸਿੰਘ ਜੀ ਬੰਬਈ ਵਾਲਿਆਂ ਨੇ ਜੋ ਵਿਚਾਰ ਪ੍ਰਗਟਾਏ ਉਹ ਆਪ ਦੇ ਵਿਅਕਤਿਤਵ ਦਾ ਪੂਰਣ ਚਿੱਤਰ ਪੇਸ਼ ਕਰਦੇ ਹਨ:-

"ਭਾਈ ਸਾਹਿਬ ਕੀਰਤਨ ਦੇ ਭੰਡਾਰੇ, ਰਹਿਣੀ ਕਹਿਣੀ ਦੇ ਪੂਰੇ, ਪੰਥ ਅੰਦਰ ਅਨੇਕਾਂ ਕੀਰਤਨੀ ਜਥੇ ਪ੍ਰਗਟ ਕਰਨਹਾਰੇ, ਮੇਰੇ ਜਿਹੇ ਗਰੀਬਾਂ ਨੂੰ ਸਦਾ ਨਿਵਾਜਣਹਾਰੇ, ਅਨੇਕਾਂ ਰੂਹਾਂ ਨੂੰ ਸੁਰਜੀਤ ਕਰਨ ਹਾਰੇ, ਪਿਆਰ ਹੀ ਪਿਆਰ, ਸੋਹਣਾ ਦੀਦਾਰ, ਤੇੜਿਆਂ ਚੱਕਰਾਂ ਕਿਰਪਾਨਾਂ ਵਾਲੇ, ਗੁਰਮਤਿ ਦੇ ਸੱਚੇ ਪੰਧਾਊ, ਦਿਲਾਂ ਦੀਆਂ ਜਾਣਨਹਾਰੇ, ਸਗਲ ਗੁਣਾਂ ਸੰਪੰਨ, ਅਣਥੱਕ, ਆਖੰਡ ਕੀਰਤਨ ਭੋਜਨ ਚੂਰਨਹਾਰੇ, ਗੁਰੂ ਕਲਗੀਧਰ ਦੇ ਦਰੋਂ ਦਰਸਾਏ,ਲਾਡ ਲਡਾਏ, ਸਹਿਜ ਸਹਿਜਾਏ, ਸੋਨੂੰ ਅਤਿ ਪਿਆਰੇ ਸੱਚੀ ਦਰਗਾਹ ਜਾ ਵਸੇ। ਉਹ ਗਏ ਨਹੀਂ, ਸਦਾ ਹਾਜ਼ਰ ਨਾਜ਼ਰ ਹਨ, ਸੱਚੀ ਦਰਗਾਹ ਵਿਚ ਸੱਚਾ ਪਿੜ ਮੱਲ ਬੈਠੇ, ਇਥੇ ਹੀ ਕੀਰਤਨ ਆਹਾਰੀ ਸਨ, ਉਥੇ ਵੀ ਕੀਰਤਨ ਆਹਾਰੀ ਰਹਿਣਗੇ। 'ਭਗਤਿ ਵਸਹਿ ਕੀਰਤਨ ਆਧਾਰੇ।' ਹੁਣ ਮੇਲਾ ਸਰੀਰ ਦਾ ਨਹੀਂ ਰਿਹਾ। ਕੀਰਤਨ ਦੁਆਰਾ ਮਿਲੀਏ, ਬਾਣੀ ਦੁਆਰਾ ਮਿਲੀਏ, ਨਾਮ ਜਪੁ ਦੁਆਰਾ ਮਿਲੀਏ, ਉਹ ਪ੍ਰਿਆਰਾ ਪਿਆਰਾ ਮਨਮੋਹਣਾ, ਅਤਿ ਸੋਹਣਾ ਦੀਦਾਰਾ, ਇਹ ਸਾਡੀਆਂ ਦੁਨਿਆਵੀ ਅੱਖਾਂ ਨਹੀਂ ਕਰ ਸਕਣਗੀਆਂ।" ■ ■ ■ ■ ■

## ਮਨੁੱਖ ਨੂੰ ਚੇਤਾਵਨੀ

(ਗਿ: ਗੋਪਾਲ ਸਿੰਘ ਮਿੱਤਰ)

ਜਿਕ ਲੱਗੀ ਉਰਖ ਦਰਸ ਦੀ,
ਜੇ ਕਰਨਾ ਚਾਹੇਂ ਦੀਦਾਰ,
ਅੰਮ੍ਰਿਤ ਵੇਲੇ ਉਠ ਕੇ ਜੋੜ ਸੁਰਤ,
ਸਾਈਂ ਦਾ ਦਰਸ ਨਿਹਾਰ।
ਨਾਮ ਅਭਿਆਸ ਕਮਾਈ ਕਰ ਕੇ,
ਬਣ ਕੇ ਪ੍ਰਭੂ ਮਿਹਰ ਦਾ ਜਾਚਕ,
ਕਰ ਤਰਲਾ ਅਰਦਾਸ ਸਾਈਂ ਦਰ,
ਘਾਲ ਪਾਇਸੀ ਥਾਂ ਕਰਤਾਰ।
ਸਤਿ ਸੰਗਤ ਵਿਚ ਜਾ ਕੇ 'ਮਿੱਤਰ'
ਚਰਨ ਧੂੜੇ ਮਥੇ ਤੇ ਲਾ।
ਗਾਦਾ ਗਰੀਬੀ ਫੜ ਕੇ ਸੀਸਾ,
ਵੈਰੀ ਦਲ ਨੂੰ ਦੂਰ ਭਜਾ।
ਜੋਤਿ ਹਰੀ ਦੀ ਹਰ ਪਾਸ ਤਕ ਕੇ,
ਖੇੜੇ ਆਨੰਦ ਮਾਣ,
ਯਾਦ ਸਾਈਂ ਦੀ ਹਰਦਮ ਹਿਰਦੇ ਰਖ,
ਜੀਵਨ ਅਧਾਰ ਬਣਾ।
ਖਾਧਾ ਪੀਤਾ ਲਾਹੇਵੰਦ,
ਜੇ ਰਵ੍ਹੇ ਜ਼ਿੰਦਗੀ ਭਰ ਮਸ਼ਕੂਰ।
ਸਦਾ ਸੁਖਾਲਾ ਜੀਵਨ ਮਾਣੇਂ,
ਰਹੇਂ ਬੁਰਾਈਆਂ ਕੋਲੋਂ ਦੂਰ।
'ਮਿੱਤਰ' ਤੇਰਾ ਜਨਮ ਸਫਲ,
ਜੇ ਕਿਸੇ ਦੁਖੀ ਲਈ ਬਣੇਂ ਦਵਾ।
ਮਾਨਵ ਪਿਆਰ ਬਿਨਾਂ ਜਗ ਅੰਦਰ,
ਜੀਵਨ ਦਾ ਨਹੀਂ ਕੋਈ ਸ਼ਊਰ।
ਮਨਮੁਖਾਂ ਦੀ ਦੁਨੀਆਂ ਅੰਦਰ,
'ਮਿੱਤਰ' ਕਦੀ ਨਾ ਪਾਵੀਂ ਝਾਤ।
ਲਗਦੇ ਅਵਗੁਣ ਭਰੇ ਅਖਾੜੇ,
ਮੰਦ ਅਚਾਰੀ ਸਾਰੀ ਬਾਤ।
ਖੁਦੀ ਬਖੀਲੀ, ਚੁਗਲੀ-ਨਿੰਦਾ,
ਪਰ ਧਨ, ਪਰ ਦਾਰਾ ਦੇ ਸੁਪਨੇ,
'ਤਿਸਦਾ ਕਦੇ ਨਾ ਹੋਵੇ ਭਲਾ,'
ਜਿਸਨੇ ਹੋਇ ਪਰਾਈ ਤਾਤ।

### ਜ਼ਰੂਰੀ ਸੋਧ

ਸੂਰਾ, ਜੂਨ, ੯੫ ਮੁੱਖ ਪੰਨੇ ਦੇ ਪਿਛਲੇ ਪਾਸੇ "ਜਨਮ ਸ੍ਰੀ ਗੁਰੂ ਅਰਜਨ ਦੇਵ ਜੀ" ਦੀ ਥਾਂ "ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ " ਪੜ੍ਹਿਆ ਜਾਏ ਜੀ।



www.AKJ.Org

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸਦਾ ਇਤਿਹਾਸਕ ਮਹੱਤਵ

(ਸ਼ਮਸ਼ੇਰ ਸਿੰਘ 'ਅਸ਼ੋਕ')

ਸਿੱਖ ਪੰਥ ਵਿਚ ਰਾਜਨੀਤੀ ਤੇ ਧਰਮ ਦੋਵੇਂ ਇਕ-ਮਿਕ ਹੋ ਕੇ ਚਲਦੇ ਆਏ ਹਨ। ਗੁਰੂ ਨਾਨਕ ਨੇ ਸਿੱਖ-ਪੰਥ ਰੂਪ ਧਰਮ-ਰਾਜ ਦੀ ਸਥਾਪਨਾ ਸਚਾਈ ਦੀਆਂ ਪੱਕੀਆਂ ਨੀਹਾਂ ਉਤੇ ਕੀਤੀ ਸੀ, ਜਿਵੇਂ ਕਿ ਸਤੇ ਬਲਵੰਡ ਦੀ ਵਾਰ ਰਾਗ ਰਾਮਕਲੀ ਵਿਚ ਲਿਖਿਆ ਹੈ :-

**"ਨਾਨਕਿ ਰਾਜੁ ਚਲਾਇਆ,**
**ਸਚੁ ਕੋਟੁ ਸਤਾਣੀ ਨੀਵ ਦੈ"**

ਪਰ ਮੁਗਲ ਸਮਰਾਟ ਬਾਬਰ ਨੇ ਆਪਣੀ ਹਕੂਮਤ ਦੀ ਨੀਂਹ ਸਾਮ-ਦਾਮ ਅਤੇ ਦੰਡ-ਭੇਦ ਉਤੇ ਰੱਖੀ ਸੀ। ਇਸ ਲਈ ਮੁਗ਼ਲ ਹਕੂਮਤ ਜਿਤਨਾ ਚਿਰ ਧਰਮ ਦੇ ਨਾਲ ਨਾਲ ਹੋ ਕੇ ਚਲਦੀ ਰਹੀ ਉਤਨਾ ਚਿਰ ਤਾਂ ਸਿੱਖ ਹਮੇਸ਼ਾਂ ਉਸ ਦੇ ਹਮਦਰਦ ਰਹੇ, ਪਰ ਜਦ ਅਕਬਰ ਤੋਂ ਬਾਅਦ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਤਸ਼ੱਦਦ ਦਾ ਰਾਹ ਅਪਣਾਇਆ ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਹੁਕਮਨ ਲਾਹੌਰ ਬੁਲਾ ਕੇ ਕਤਲ ਕਰਵਾ ਦਿੱਤਾ ਤਾਂ ਸਿੱਖਾਂ ਵਿਚ ਬਦਲੇ ਦੀ ਭਾਵਨਾ ਜਾਗਣੀ ਇੱਕ ਕੁਦਰਤੀ ਗੱਲ ਸੀ, ਜਿਸ ਕਾਰਨ ਗੁਰੂ ਹਰਿ ਗੋਬਿੰਦ ਜੀ (ਛੇਵੇਂ ਪਾਤਸ਼ਾਹ) ਨੇ ਗੁਰ-ਗੱਦੀ ਬੈਠਣ ਤੋਂ ਥੋੜ੍ਹੇ ਦਿਨ ਪਿਛੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਉਚੇ ਥੜੇ ਪਰ, ਜਿਥੇ ਕਿ ਉਹ ਬਚਪਨ ਵਿਚ ਖੇਡਦੇ ਰਹੇ ਸਨ, ਮਿਤੀ ਹਾੜ ਸੁਦੀ ੫, ਸੰਮਤ ੧੬੬੩ ਬਿ: ਮੁਤਾਬਿਕ ੩੦ ਜੂਨ ਸੰਨ ੧੬੦੬ ਈ: ਨੂੰ ਸਿੱਖਾਂ ਦੀਆਂ ਸਿਆਸੀ ਸਰਗਰਮੀਆਂ ਤੇਜ਼ ਕਰਨ ਵਾਸਤੇ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਦੀ ਮੌਜੂਦਗੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖ ਦਿੱਤੀ।

ਕਵੀ ਕੇਸਰ ਸਿੰਘ ਛਿੱਬਰ ਦੇ ਬੰਸਾਵਲੀਨਾਮੇ ਅਨੁਸਾਰ ਗੁਰੂ ਹਰਿ ਗੋਬਿੰਦ ਜੀ ਦੀ ਉਮਰ ਉਸ ਸਮੇਂ ਮਸਾਂ ੧੫ ਸਾਲਾਂ ਦੀ ਸੀ। ਨੌਜਵਾਨ ਗੁਰੂ ਹਰਿ ਗੋਬਿੰਦ ਜੀ ਦੇ ਕਰ-ਕਮਲਾਂ ਨਾਲ ਸਥਾਪਤ ਕੀਤਾ ਹੋਇਆ ਸਿੱਖਾਂ ਦਾ ਇਹ ਪਹਿਲਾ ਰਾਜਨੀਤਕ ਸਿੰਘਾਸਨ ਹਰ ਪਾਸਿਉਂ ਸਾਰੇ ਦੇਸ਼ ਵਿਚ ਸਨਮਾਨਿਆ ਗਿਆ ਤੇ ਇਥੋਂ ਜਾਰੀ ਹੋਏ ਹੁਕਮਨਾਮਿਆਂ ਦੀ ਹਰ ਥਾਵੇਂ ਮਨ, ਵਚਨ, ਕਰਮ ਤੋਂ ਪਾਲਣਾ ਹੋਣ ਲੱਗੀ।

**ਸ੍ਰੀ ਅਕਾਲ ਤਖ਼ਤ ਤੇ ਸਿੱਖ ਸਿਪਾਹ :**

ਏਕਣ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਹੋਣ ਤੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਲਗਾਤਾਰ ਦਰਬਾਰ ਲਗਾਉਣੇ ਸ਼ੁਰੂ ਕੀਤੇ। ਹਰ ਥਾਵੇਂ ਹੁਕਮਨਾਮੇ ਲਿਖ ਲਿਖ ਕੇ ਭੇਜੇ, ਸ਼ਸਤਰ-ਅਸਤਰ ਤੇ ਘੋੜੇ ਮੰਗਵਾਏ, ਪਿੰਡ ਸੁਰ ਸਿੰਘ ਤੋਂ ਢਾਡੀ ਅਬਦੁੱਲਾ ਤੇ ਨੱਥ ਮੱਲ ਵੀਰ ਜੋਧਿਆਂ ਦਾ ਉਤਸ਼ਾਹ ਵਧਾਉਣ ਲਈ ਵਾਰਾਂ ਗਾਉਣ ਵਾਸਤੇ ਮੰਗਵਾਏ, ਭੱਟਾਂ ਨੇ ਵੀਰ-ਰਸੀ ਕਬਿੱਤ ਪੜ੍ਹਨੇ ਸ਼ੁਰੂ ਕੀਤੇ, ਬੜੇ ਜੋਸ਼-ਖ਼ਰੋਸ਼ ਨਾਲ ਹਰ ਪਾਸੇ ਫ਼ੌਜੀ ਪਰੇਡਾਂ ਹੋਣ ਲੱਗੀਆਂ। ਦਰਬਾਰੀ ਢਾਡੀ ਅਬਦੁੱਲੇ ਤੇ ਨੱਥ ਮੱਲ ਨੇ ਗੁਰੂ ਜੀ ਦੇ ਹੁਕਮ ਨਾਲ ਵੀਰ-ਰਸ ਭਰਪੂਰ ੭੨ ਵਾਰਾਂ ਰਚ ਕੇ ਸੁਣਾਈਆਂ, ਗੁਰੂ ਸਾਹਿਬ ਨੇ ਉਨ੍ਹਾਂ ਵਾਰਾਂ ਵਿਚੋਂ ੨੨ ਵਾਰਾਂ ਵਧੇਰੇ ਪਸੰਦ ਕੀਤੀਆਂ ਤੇ ਉਨ੍ਹਾਂ ਵਿਚੋਂ ਵੀ ਨੌਂ ਵਾਰਾਂ ਦੀਆਂ ਧੁਨਾਂ ਲੈ ਕੇ ਏਥੇ ਹੀ ਸ੍ਰੀ ਅਕਾਲ ਤਖ਼ਤ ਦੇ ਸਥਾਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਯੋਗ ਥਾਵੀਂ ਰਾਗ ਮਾਝ, ਗਉੜੀ, ਆਸਾ ਆਦਿ ਦੀਆਂ ਵਾਰਾਂ ਦੇ ਮੁੱਢ ਵਿਚ ਦਰਜ ਕੀਤੀਆਂ, ਜਿਵੇਂ ਕਿ ਗੁਰਬਿਲਾਸ ਪਾਤਸ਼ਾਹੀ ੬ ਵਿਚ ਕਵੀ ਸੋਹਣ ਸਿੰਘ ਨੇ ਲਿਖਿਆ ਹੈ :-

ਬਾਈ ਵਾਰ ਕੀ ਧੁਨਿ ਸੁਨਿ ਬਾਈ।
ਨੌ ਧੁਨਿ ਊਪਰ ਵਾਰ ਚੜ੍ਹਾਈ।

ਇਹ ਵਾਰਾਂ ਦੀਆਂ ਧੁਨਾਂ ਇਨ੍ਹਾਂ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿਚ ਦਰਜ ਨਹੀਂ ਸਨ ਕੀਤੀਆਂ। ਸੋ ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਇਹ ਨੌਂ ਧੁਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਕ ਸਭ ਤੋਂ ਪਹਿਲੀ ਇਤਿਹਾਸਕ ਯਾਦਗਾਰ ਵਜੋਂ ਹੁਣ ਤਕ ਗੁਰਬਾਣੀ ਵਿਚ ਮੌਜੂਦ ਹਨ, ਜਿਸ ਦਾ ਸਿੱਖ ਪੰਥ ਵਿਚ ਖ਼ਾਸ ਤੌਰ ਤੇ ਮਾਣ ਹੈ।

**ਸ੍ਰੀ ਦਸਮੇਸ਼ ਤੋਂ ਬਾਅਦ ਪੰਥਕ ਏਕਤਾ ਲਈ ਪਰਚੀ-ਸਿਸਟਮ:**

ਸ੍ਰੀ ਦਸਮੇਸ਼ ਤੋਂ ਬਾਅਦ ਭਾਈ ਮਨੀ ਸਿੰਘ ਦੇ ਸਮੇਂ ਤੱਕ ਜਦ ਕਦੇ ਵੀ ਸਿੱਖਾਂ ਵਿਚ ਰਾਇ ਦਾ ਵਖੇਵਾਂ ਸ਼ੁਰੂ ਹੁੰਦਾ ਜਾਂ ਦੁਫੇੜ ਪੈਂਦੀ ਨਜ਼ਰ ਆਉਂਦੀ ਤਾਂ ਉਸ ਦੇ ਨਿਪਟਾਰੇ ਲਈ ਸਿੱਖਾਂ ਦੇ ਸਾਹਮਣੇ ਇਕੋ ਇਕ ਵਧੀਆ ਤਰੀਕਾ ਇਹ ਸੀ ਕਿ ਉਹ ਦੋਹਾਂ ਧੜਿਆਂ ਦੀਆਂ ਪਰਚੀਆਂ ਲਿਖ ਕੇ ਤੇ ਸ੍ਰੀ ਦਰਬਾਰ ਸਾਹਿਬ ਅੱਗੇ ਅਰਦਾਸਾ ਸੋਧ ਕੇ ਇਕ ਸੰਦੂਕੜੀ ਵਿਚ ਪਾਉਂਦੇ ਤੇ ਫੇਰ ਉਹ ਸੰਦੂਕੜੀ ਕਿਸੇ ਪੰਜਾਂ ਕੁ ਵਰ੍ਹਿਆਂ ਦੇ ਅਬੋਧ ਬਾਲਕ ਪਾਸੋਂ ਖੁਲ੍ਹਵਾਉਂਦੇ ਸਨ। ਜਿਸ ਧੜੇ ਦੀ ਪਰਚੀ ਪਹਿਲਾਂ ਨਿਕਲ ਆਉਂਦੀ, ਬੱਸ ਉਹੋ ਸਰਬ ਸੰਮਤੀ ਨਾਲ ਜੇਤੂ ਕਰਾਰ ਦਿੱਤਾ ਜਾਂਦਾ ਸੀ ਤੇ ਉਸ ਫੈਸਲੇ ਉਤੇ ਕੋਈ ਕਿੰਤੂ ਨਹੀਂ ਸੀ ਕਰ ਸਕਦਾ। ਪਹਿਲਾਂ ਬਾਬਾ ਬੰਦਾ ਬਹਾਦੁਰ ਤੇ ਫੇਰ ਭਾਈ ਮਨੀ



www.AKJ.Org

ਸਿੰਘ ਦੇ ਸਮੇਂ ਤੱਕ ਇਹੋ ਪਰਚੀ-ਸਿਸਟਮ ਸਿੱਖ ਪੰਥ ਵਿਚ ਜਾਰੀ ਰਿਹਾ।

**ਸ੍ਰੀ ਅਕਾਲ ਤਖ਼ਤ ਦਾ ਪ੍ਰਬੰਧਕ ਢਾਂਚਾ**
**ਸੰਨ ੧੬੦੮ ਤੋਂ ੧੭੬੨ ਤਕ :**

ਸ੍ਰੀ ਗੁਰੂ ਹਰਿਗੋਬਿੰਦ ਜੀ ਸੰਨ ੧੬੦੮ ਤੋਂ ੧੬੨੮ ਤੱਕ ਆਪਣੇ ਸ਼ਾਹੀ ਦਰਬਾਰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਨ ਪਰ ਲਗਾਉਂਦੇ ਰਹੇ। ਇਸ ਤੋਂ ਪਿਛੋਂ ਮੁਗਲ ਸਮਰਾਟ ਸ਼ਾਹ ਜਹਾਂ ਦੇ ਹੁਕਮ ਨਾਲ ਲਾਹੌਰੋਂ ਫ਼ੌਜੀ ਚੜ੍ਹਾਈ ਹੋਣ ਤੇ ਗੁਰੂ ਸਾਹਿਬ ਪਹਿਲਾਂ ਅੰਮ੍ਰਿਤਸਰੋਂ, ਸ੍ਰੀ ਹਰਿਗੋਬਿੰਦ ਪੁਰ, ਗੁਰੂ ਸਰ ਮਹਾਰਾਜ ਤੇ ਕਰਤਾਰਪੁਰ (ਜਲੰਧਰ) ਆਦਿ ਥਾਵੀਂ ਹੁੰਦੇ ਹੋਏ ਜਦ ਸਤਿਲੁਜੋਂ ਪਾਰ ਕੀਰਤਪੁਰ ਪੁੱਜੇ ਤਾਂ ਇਧਰ ਸ੍ਰੀ ਦਰਬਾਰ ਸਾਹਿਬ ਸਮੇਤ ਸ੍ਰੀ ਅਕਾਲ ਤਖ਼ਤ ਉੱਤੇ ਮੁਗਲ ਹਕੂਮਤ ਦੀ ਸ਼ਹਿ ਨਾਲ ਸੋਢੀ ਪ੍ਰਿਥਵੀ ਚੰਦ ਦੇ ਪੁੱਤਰ ਮਿਹਰਵਾਨ ਦਾ ਕਬਜ਼ਾ ਹੋਣ ਪਿਛੋਂ ਸੰਨ ੧੬੯੬ ਈ: (ਮੁਤਾਬਿਕ ਸੰਮਤ ੧੭੫੩ ਬਿ:) ਵਿਚ ਉਸ ਦੇ ਪੁੱਤਰ ਹਰਿ ਜੀ ਦੇ ਮਰਨ ਤੇ ਜਦ ਸੋਢੀ ਅੰਮ੍ਰਿਤਸਰ ਛੱਡ ਗਏ ਤਾਂ ਸੰਗਤ ਦੇ ਅਰਜ਼ ਕਰਨ ਤੇ ਸ੍ਰੀ ਦਸ਼ਮੇਸ਼ ਜੀ ਨੇ ਅਨੰਦਪੁਰੋਂ ਭਾਈ ਮਨੀ ਸਿੰਘ ਨੂੰ ਪੰਜ ਪਿਆਰਿਆਂ ਸਮੇਤ ਉਥੋਂ ਦੇ ਪ੍ਰਬੰਧ ਵਾਸਤੇ ਭੇਜਿਆ ਜਿਸ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵੀ ਅੱਛਾ ਪ੍ਰਬੰਧ ਚਲ ਪਿਆ ਤੇ ਭਾਈ ਮਨੀ ਸਿੰਘ ਜੀ ਇਥੋਂ ਮਾਤਾ ਸੁੰਦਰੀ ਜੀ ਦੇ ਸਹਿਯੋਗ ਨਾਲ ਪੰਥਕ ਏਕਤਾ ਲਈ ਕਈ ਪ੍ਰਕਾਰ ਦੇ ਹੁਕਮਨਾਮੇ ਲਿਖ ਕੇ ਭਾਈ ਗੁਲਜ਼ਾਰ ਸਿੰਘ ਆਦਿ ਪੰਜ ਪਿਆਰਿਆਂ ਦੀ ਰਾਇ ਨਾਲ ਭੇਜਦੇ ਰਹੇ ਤੇ ਪੰਥਕ ਏਕਤਾ ਲਈ ਜਦ ਕਦੇ ਕੋਈ ਉਲਝੇਵੇਂ ਦਾ ਫੈਸਲਾ ਦੇਣਾ ਹੁੰਦਾ ਤਾਂ ਉਹ ਫੈਸਲਾ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰ ਅਰਦਾਸਾ ਸੋਧ ਕੇ ਪਰਚੀ-ਸਿਸਟਮ ਦੇ ਤਰੀਕੇ ਨਾਲ ਕਰਦੇ ਰਹੇ।

ਫੇਰ ਭਾਈ ਮਨੀ ਸਿੰਘ ਜੀ ਚੂੰਕਿ ਸੰਮਤ ੧੭੯੪ ਬਿ: ਮੁਤਾਬਿਕ ਸੰਨ ੧੭੩੭ ਈ: ਵਿਚ ਮੁਗ਼ਲ ਸਰਕਾਰ ਦੇ ਹੁਕਮ ਨਾਲ ਪੰਜ ਪਿਆਰਿਆਂ ਸਮੇਤ ਸ਼ਹੀਦ ਕਰ ਦਿੱਤੇ ਗਏ, ਇਸ ਲਈ ਸ੍ਰੀ ਅਕਾਲ ਤਖ਼ਤ ਦੇ ਪ੍ਰਬੰਧ ਵਿਚ ਗੜਬੜ ਹੋਣੀ ਇਕ ਕੁਦਰਤੀ ਗੱਲ ਸੀ।

**ਖ਼ਾਲਸਾ ਦਲ, ਸਿੱਖ ਮਿਸਲਾਂ ਦੇ ਗੁਰਮਤੇ :**

ਫੇਰ ਭਾਈ ਮਨੀ ਸਿੰਘ ਤੋਂ ਪਿਛੋਂ ਖ਼ਾਲਸਾ ਦਲ, ਬੁੱਢਾ ਦਲ, ਤਰੁਣਾ ਦਲ ਤੇ ਸਿੱਖ ਮਿਸਲਾਂ ਦੇ ਸਮੇਂ ਸਿੱਖਾਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਉਹੋ ਮਹੱਤਵ ਬਾਕਾਇਦਾ ਕਾਇਮ ਰਿਹਾ ਤੇ ਸਾਰੇ ਪੰਥਕ ਫ਼ੈਸਲੇ ਸਰਬ ਸੰਮਤੀ ਨਾਲ ਹੁੰਦੇ ਰਹੇ ਤੇ ਜਦ ਕਦੇ ਕੋਈ ਡਾਢੀ ਅੜਚਣ ਪੇਸ਼ ਆਉਣ ਤੋਂ ਸਰਬ ਸੰਮਤੀ ਨਾ ਹੁੰਦੀ ਨਜ਼ਰ ਆਉਂਦੀ ਤਾਂ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਦੋ ਧੜਿਆਂ ਦੀਆਂ ਵੱਖੋ ਵੱਖ ਪਰਚੀਆਂ ਲਿਖ ਕੇ ਇਕ ਸੰਦੂਕੜੀ ਵਿਚ ਪਾ ਦਿੱਤੀਆਂ ਜਾਂਦੀਆਂ ਤੇ ਫੇਰ ਉਹ ਸੰਦੂਕੜੀ ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਦੇ ਦਰਮਿਆਨ ਪੰਜ ਪਿਆਰਿਆਂ ਦੀ ਮੌਜੂਦਗੀ ਵਿੱਚ ਅਰਦਾਸਾ ਸੋਧ ਕੇ ਇਕ ਪੰਜ ਵਰ੍ਹਿਆਂ ਦੇ ਬੱਚੇ ਦੇ ਹੱਥੋਂ ਖੁਲਵਾਈ ਜਾਂਦੀ। ਜਿਸ ਦੀ ਪਰਚੀ ਪਹਿਲਾਂ ਨਿਕਲ ਆਉਂਦੀ, ਉਹੋ ਸਰਬ ਸੰਮਤੀ ਨਾਲ ਜੇਤੂ ਮੰਨਿਆਂ ਜਾਂਦਾ ਤੇ ਉਸ ਦੀ ਰਾਇ ਠੀਕ ਮੰਨੀ ਜਾਂਦੀ ਸੀ।

ਏਕਣ ਹੀ ਪਰਚੀ-ਸਿਸਟਮ ਦੀ ਤਰ੍ਹਾਂ ਉਸ ਸਮੇਂ ਕਿਸੇ ਮੁਸ਼ਕਲ ਮਸਲੇ ਦੇ ਹੱਲ ਕਰਨ ਵਾਸਤੇ ਗੁਰੂ-ਪੰਥ ਦੀ ਸਮੁੱਚੀ ਰਾਇ ਨਾਲ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਜਿਥੇ ਕਿ ਹੁਣ ਖੁਲ੍ਹਾ ਮੈਦਾਨ ਹੈ, ਇਕ ਕਮਰੇ ਵਿੱਚ ਬੈਠ ਕੇ ਪੰਥਕ ਆਗੂਆਂ ਵਲੋਂ ਇਤਫਾਕ ਰਾਇ ਨਾਲ ਗੁਰਮਤਾ ਸੋਧਿਆ ਜਾਂਦਾ ਸੀ। ਉਹ ਗੁਰਮਤਾ ਚਾਹੇ ਕਿਸੇ ਵੀ ਮੁਸ਼ਕਿਲ ਮਸਲੇ ਉਤੇ ਹੁੰਦਾ ਉਸ ਵਿਚ ਸਾਰੇ ਪੰਥਕ ਜਥਿਆਂ ਦੀ ਸਰਬ-ਸੰਮਤੀ ਉਨ੍ਹਾਂ ਦੇ ਨੁਮਾਇੰਦਿਆਂ ਰਾਹੀਂ ਜ਼ਰੂਰੀ ਸੀ, ਜੋ ਹਰੇਕ ਇਕੱਤ੍ਰਤਾ ਤੋਂ ਪਹਿਲਾਂ ਹੀ ਲਾਜ਼ਮੀ ਤੌਰ ਤੇ ਪ੍ਰਾਪਤ ਕੀਤੀ ਜਾਂਦੀ ਸੀ। ਅਜਿਹੇ ਗੁਰਮਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿੱਚ ਪਾਸ ਕੀਤੇ ਜਾਂਦੇ ਤੇ ਫ਼ਿਰ ਉਨ੍ਹਾਂ ਉੱਤੇ ਬਾਕਾਇਦਾ ਗੁਰੂ ਦਰਬਾਰ ਦੀ ਮੋਹਰ ਲੱਗਦੀ ਸੀ।

**ਸਿੱਖ ਮਿਸਲਾਂ ਤੇ ਸਿੱਖ ਰਾਜ ਸਮੇ**
**ਸ੍ਰੀ ਅਕਾਲ ਤਖ਼ਤ ਦੀ ਹਾਲਤ :**

ਸੰਨ ੧੭੩੭ ਤੋਂ ਸੰਨ ੧੭੬੨ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿੱਚ ਪੰਥਕ ਏਕਤਾ ਨੂੰ ਮੁੱਖ ਰੱਖ ਕੇ ਹਮੇਸ਼ਾ ਗੁਰੂ ਖਾਲਸੇ ਵਿੱਚ ਸਰਬ ਸੰਮਤੀ ਹੀ ਪ੍ਰਧਾਨ ਰਹੀ ਤੇ ਸਾਰੇ ਗੁਰਮਤੇ ਏਥੇ ਇਸੇ ਆਦਰਸ਼ ਨੂੰ ਮੁੱਖ ਰੱਖ ਕੇ ਸੋਧੇ ਜਾਂਦੇ ਰਹੇ। ਇਸ ਤੋਂ ਪਿਛੋਂ ਸੰਨ ੧੭੬੨ ਈ: ਵਿੱਚ ਕੁੱਪ ਰਹੀੜੇ ਦੇ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁੱਰਾਨੀ ਚੂੰਕਿ ਸ੍ਰੀ ਅਕਾਲ ਤਖ਼ਤ ਸਮੇਤ ਸ੍ਰੀ ਦਰਬਾਰ ਸਾਹਿਬ ਨੂੰ ਬਾਰੂਦ ਉਡਾ ਕੇ ਤੇ ਅੰਮ੍ਰਿਤ ਸਰੋਵਰ ਮਲਬੇ ਨਾਲ ਭਰ ਕੇ ਅਪਵਿੱਤਰ ਕਰ ਗਿਆ ਸੀ, ਇਸ ਲਈ ਇਸ ਤੋਂ ਅਗਲੇ ਸਾਲ ਹੀ ਸਿੰਘਾਂ ਨੇ ਸਰਹੰਦ ਉਤੇ ਹਮਲਾ ਕਰਕੇ ਪਹਿਲਾਂ ਤਾਂ ਉਥੋਂ ਦੇ ਦੁੱਰਾਨੀ ਸੂਬੇਦਾਰ ਜ਼ੈਨ ਖ਼ਾਨ ਤੇ ਪਿਛੋਂ ਮੁਰੰਡੇ ਦੇ ਰੰਘੜਾਂ ਨੂੰ ਮਾਰਿਆ ਤੇ ਫਿਰ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਚੋਖਾ ਧਨ ਉਗਰਾਹ ਕੇ ਪਹਿਲਾਂ ਸ੍ਰੀ ਦਰਬਾਰ ਸਾਹਿਬ ਤੇ ਫੇਰ ਸ੍ਰੀ ਅਕਾਲ ਤਖ਼ਤ ਦੀ ਨਵ-ਉਸਾਰੀ ਬੜੇ ਜਤਨਾਂ ਨਾਲ ਕੀਤੀ ਅਤੇ ਅੰਮ੍ਰਿਤ ਸਰੋਵਰ ਨੂੰ ਵੀ ਮਲਬਾ ਕੱਢ ਕੇ ਸਾਫ਼ ਕੀਤਾ ਅਤੇ ਪਵਿੱਤਰ ਜਲ ਨਾਲ ਭਰਿਆ।

(ਚਲਦਾ)



www.AKJ.Org

# ਬਾਪੂ ਜੀ ਤੇ ਬੱਚੇ (੧੧)

ਬਾਪੂ ਜੀ ਨੂੰ ਵਾਹਿਗੁਰੂ ਜੀ ਕੀ ਫਤਹ ਬੁਲਾਉਂਦਿਆਂ ਹੀ ਬੱਚਿਆਂ ਨੇ ਕਹਾਣੀ ਸੁਣਾਉਣ ਦੀ ਫਰਮਾਇਸ਼ ਕਰ ਦਿੱਤੀ। ਅਗੋਂ ਬਾਪੂ ਜੀ ਨੇ ਇਉਂ ਗੱਲ ਤੋਰੀ-

**ਬਾਪੂ ਜੀ** : ਲਓ ਬੱਚਿਓ ! ਫਿਰ ਸੁਣੋ ਕਹਾਣੀ .....

ਬੱਚਿਓ ! ਗਰੀਬਾਂ ਤੇ ਨਿਤਾਣਿਆਂ ਤੇ ਜ਼ੁਲਮ ਕਰਨ ਵਾਲੇ ਜ਼ਾਲਮਾਂ ਦਾ ਹਿਰਦਾ ਕਠੋਰ ਹੁੰਦਾ ਹੈ। ਹੰਕਾਰ ਵਿੱਚ ਮੱਤੇ ਕਠੋਰ ਹਿਰਦੇ ਵਾਲੇ ਮਨੁੱਖਾਂ ਦੇ ਦਿਲ ਬੇਨਤੀਆਂ ਕਰਨ, ਹੱਥ ਜੋੜਨ ਜਾਂ ਤਰਲੇ ਕੱਢਣ ਨਾਲ ਨਹੀਂ ਪੰਘਰਦੇ। ਲੱਤਾਂ ਦੇ ਭੂਤ ਗੱਲਾਂ ਨਾਲ ਨਹੀਂ ਮੰਨਦੇ। ਵਿੰਗਾ ਲੋਹਾ ਕਰਾਰੀ ਸੱਟ ਮਾਰਨ ਨਾਲ ਹੀ ਸਿੱਧਾ ਹੁੰਦਾ ਹੈ। ਜ਼ਾਲਮ ਦਾ ਦਿਮਾਗ ਠਿਕਾਣੇ ਲਿਆਉਣ ਵਾਸਤੇ ਬਰਾਬਰ ਦੀ ਟੱਕਰ ਦੀ ਲੋੜ ਪੈਂਦੀ ਹੈ। ਉਸ ਨਾਲ ਦੋ ਹੱਥ ਕੀਤਿਆਂ ਹੀ ਉਸ ਦੀ ਹੈਂਕੜ ਟੁੱਟਦੀ ਹੈ।

ਬੱਚਿਓ ! ਮੁਗਲ ਬਾਦਸ਼ਾਹ ਜਹਾਂਗੀਰ ਨੇ ਮੌਲਾਣਿਆਂ ਦੇ ਆਖੇ ਲਗ ਕੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕੀਤਾ। ਗੁਰੂ ਜੀ ਨੂੰ ਤੱਤੀ ਤਵੀ ਤੇ ਬਿਠਾਇਆ, ਸੀਸ ਤੇ ਗਰਮ ਰੇਤਾ ਪਾਇਆ ਅਤੇ ਦੇਗ ਵਿੱਚ ਬਿਠਾ ਕੇ ਆਲੂਆਂ ਵਾਂਗ ਉਬਾਲਿਆ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਧਰਮ ਦੀ ਬਾਗ ਡੋਰ ਸੰਭਾਲੀ।

**ਅੰਮ੍ਰਿਤਪਾਲ** : ਬਾਪੂ ਜੀ ! ਬਾਗ-ਡੋਰ ਕੀ ਹੁੰਦੀ ਆ ?

**ਬਾਪੂ ਜੀ** : ਘੋੜੇ ਦੇ ਲਗਾਮ ਨੂੰ ਬੱਧੀ ਡੋਰ (ਰੱਸੀ) ਨੂੰ ਬਾਗ ਡੋਰ ਕਿਹਾ ਜਾਂਦਾ ਹੈ। ਇਸ ਨਾਲ ਘੋੜਾ ਕਾਬੂ ਵਿੱਚ ਰੱਖਿਆ ਜਾਂਦਾ ਹੈ। ਘੋੜੇ ਦਾ ਚਾਲਕ ਇਸ ਡੋਰ ਨੂੰ ਆਪਣੇ ਹੱਥ ਵਿਚ ਫੜਕੇ ਰੱਖਦਾ ਹੈ ਅਤੇ ਇਸ ਰਾਹੀਂ ਘੋੜੇ ਨੂੰ ਹੌਲੀ ਜਾਂ ਤੇਜ਼ ਦੌੜਨ, ਸੱਜੇ ਖੱਬੇ ਮੁੜਨ ਜਾਂ ਖੜ੍ਹਨ ਦਾ ਇਸ਼ਾਰਾ ਕਰਦਾ ਹੈ।

**ਅੰਮ੍ਰਿਤਪਾਲ** : ਲਗਾਮ ਕਿਸ ਨੂੰ ਕਹਿੰਦੇ ਹਨ ?

**ਬਾਪੂ ਜੀ** : ਘੋੜੇ ਦੇ ਮੂੰਹ ਵਿੱਚ ਦੇਣ ਵਾਲੇ ਲੋਹੇ ਦੇ ਅੰਕੁੜੇ ਨੂੰ ਦਹਾਨਾ ਜਾਂ ਲਗਾਮ ਕਹਿੰਦੇ ਹਨ।

**ਪ੍ਰਭਜੋਤ** : ਬਾਪੂ ਜੀ ! ਤੁਸੀਂ ਦੱਸਿਆ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਧਰਮ ਦੀ ਬਾਗ ਡੋਰ ਸੰਭਾਲੀ। ਕੀ ਕੋਈ "ਸਿੱਖ ਧਰਮ" ਨਾਂ ਵਾਲਾ ਘੋੜਾ ਸੀ ?

**ਬਾਪੂ ਜੀ** : ਬੱਚੂ ! "ਬਾਗ-ਡੋਰ ਸੰਭਾਲਣੀ" ਇੱਕ ਮੁਹਾਵਰਾ ਹੈ ਜਿਸ ਦਾ ਅਰਥ ਹੈ ਸਿਰਦਾਰੀ ਅਰਥਾਤ ਮੁਖੀਏ ਦੇ ਤੌਰ ਤੇ ਜ਼ਿੰਮੇਦਾਰੀ ਸੰਭਾਲਣੀ। ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਗੁਰ-ਗੱਦੀ ਤੇ ਬੈਠੇ ਅਤੇ ਸਿੱਖ ਧਰਮ ਨੂੰ ਅੱਗੇ ਤੋਰਨ ਵਾਸਤੇ ਮੁਖੀਏ ਦੇ ਤੌਰ ਤੇ ਬਾਗ ਡੋਰ ਸੰਭਾਲੀ।

**ਅੰਮ੍ਰਿਤਪਾਲ** : ਗੁਰੂ ਜੀ ਨੇ ਫੇਰ ਕੀ ਕੀਤਾ ?

**ਬਾਪੂ ਜੀ** : ਗੁਰ-ਗੱਦੀ ਤੇ ਬੈਠਦਿਆਂ ਹੀ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖੀ ਦੀ ਨੁਹਾਰ ਬਦਲ ਕੇ ਰੱਖ ਦਿੱਤੀ। ਜ਼ਾਲਮ ਹਕੂਮਤ ਨਾਲ ਟੱਕਰ ਲੈਣ ਵਾਸਤੇ ਭੇਟਾ ਵਜੋਂ ਸਿੱਖ ਸੰਗਤਾਂ ਨੂੰ ਵਧੀਆ ਸ਼ਸ਼ਤਰ ਤੇ ਘੋੜੇ ਲਿਆਉਣ ਵਾਸਤੇ ਹੁਕਮ ਕੀਤਾ। ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਦੀ ਉਸਾਰੀ ਕਰਵਾਈ। ਭਗਤੀ ਦੇ ਨਾਲ ਸ਼ਕਤੀ ਰਲਾਉਣ ਦੇ ਮੰਤਵ ਨਾਲ ਆਪ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ, ਅਕਾਲ ਤਖ਼ਤ ਦੇ ਨਾਲ ਦੋ ਨਿਸ਼ਾਨ ਸਾਹਿਬ ਝੁਲਾਏ, ਆਪ ਜੀ ਨੇ ਬਾਦਸ਼ਾਹਾਂ ਵਾਂਗ ਕਲਗੀ ਸਜਾਈ, ਬਾਜ਼ ਤੇ ਘੋੜੇ ਰਖੇ, ਤਖ਼ਤ ਲਗਾਇਆ, ਸਿੱਖਾਂ ਵਿੱਚ ਜੋਸ਼ ਭਰਨ ਲਈ ਹਰ ਰੋਜ਼ ਅਕਾਲ ਤਖ਼ਤ ਤੇ ਵਾਰਾਂ ਗਾਉਣ ਦੀ ਪਿਰਤ ਪਾਈ ਅਤੇ ਸਿੱਖਾਂ ਨੂੰ ਫੌਜੀ ਟਰੇਨਿੰਗ ਦੇਣੀ ਸ਼ੁਰੂ ਕੀਤੀ। ਇਸ ਤਰ੍ਹਾਂ ਗੁਰੂ ਜੀ ਨੇ ਭਗਤੀ ਨੂੰ ਸ਼ਕਤੀ ਨਾਲ ਮਿਲਾ ਕੇ ਗੁਰਸਿੱਖਾਂ ਨੂੰ ਸੰਤ ਸਿਪਾਹੀ ਬਣਾ ਦਿੱਤਾ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਅਜੇਹੀ ਪਾਣ ਚਾੜ੍ਹੀ ਕਿ ਉਹ ਨਿਡਰ ਹੋ ਕੇ ਛਾਤੀ ਤਾਣ ਕੇ ਵਿਚਰਨ ਲਗ। ਇਕ ਵੇਰ ਸ਼ਾਹੀ ਫੌਜੀ "ਗੁਰੂ ਕੇ ਚੱਕ" (ਅੰਮ੍ਰਿਤਸਰ) ਲਾਗੇ ਸਰਕਾਰੀ ਸ਼ਿਕਾਰ-ਗਾਹ ਵਿਚ ਸ਼ਿਕਾਰ ਖੇਡ ਰਹੇ ਸਨ ਕਿ ਕੁੱਝ ਸਿੱਖਾਂ ਨੇ ਸ਼ਾਹੀ ਬਾਜ਼ ਨੂੰ ਹੱਥ ਪਾ ਲਿਆ ਅਤੇ ਡਰਾਉਣ ਧਮਕਾਉਣ ਦੇ ਬਾਵਜੂਦ ਵੀ ਉਨ੍ਹਾਂ ਬਾਜ਼ ਵਾਪਸ ਨਾ ਕੀਤਾ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਸ਼ਾਹੀ ਫੌਜਾਂ ਦਾ ਸਰਦਾਰ ਮਾਯੂਸ ਹੋ ਕੇ ਵਾਪਸ ਲਾਹੌਰ ਚਲਾ ਗਿਆ ਅਤੇ ਸੂਬੇਦਾਰ ਕੋਲ ਜਾ ਕੇ ਸ਼ਿਕਾਇਤ ਕੀਤੀ। ਲਾਹੌਰ ਦਾ ਸੂਬੇਦਾਰ ਕੁਲੀਜ ਖਾਂ ਵਾਰਦਾਤ ਸੁਣ ਕੇ ਅੱਗ-ਬਗੋਲਾ ਹੋ ਗਿਆ। ਉਸ ਨੇ ਇਸ ਘਟਨਾ ਨੂੰ ਮੁਗਲ ਹਕੂਮਤ ਦੀ ਹੱਤਕ ਸਮਝਦਿਆਂ ਸਾਰੀ ਗੱਲ ਜਹਾਂਗੀਰ ਬਾਦਸ਼ਾਹ ਤਕ ਪਹੁੰਚਾ ਦਿੱਤੀ ਅਤੇ ਸਿੱਖਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਸਿਫਾਰਿਸ਼ ਕੀਤੀ।

ਬੱਚਿਓ ! ਜਹਾਂਗੀਰ ਬਾਦਸ਼ਾਹ ਦੇ ਦਿਲ ਵਿੱਚ ਤਾਂ ਗੁਰੂ ਸਾਹਿਬ ਦੀ ਸ਼ਾਹਾਨਾ ਠਾਠ-ਬਾਠ ਪਹਿਲਾਂ ਹੀ ਰੜਕਦੀ ਸੀ। ਸੋ ਉਸ ਨੇ ਬਾਜ਼ ਦਾ ਬਹਾਨਾ ਲੈ ਕੇ ਜੰਮਦੀਆਂ ਸੂਲਾਂ ਭਾਵ ਸਿੱਖਾਂ ਦਾ ਮੂੰਹ ਭੰਨਣ ਲਈ ਸੂਬੇਦਾਰ ਕੁਲੀਜ਼ ਖਾਂ ਨੂੰ "ਗੁਰੂ ਕੇ ਚੱਕ" ਤੇ ਚੜ੍ਹਾਈ ਕਰਨ ਦੇ ਹੁਕਮ ਦੇ ਦਿੱਤੇ। ਇਹ ਗੱਲ ਸੰਨ ੧੬੨੮ ਈਸਵੀ ਦੀ ਹੈ।

**ਕੁਲਜੀਤ ਸਿੰਘ** : ਈਸਵੀ ਸੰਨ ਦਾ ਕੀ ਮਤਲਬ ਆ ?

**ਬਾਪੂ ਜੀ** : ਈਸਾ ਦੇ ਜਨਮ ਤੋਂ ਸ਼ੁਰੂ ਹੋਇਆ ਸਾਲ ਜਿਹੜਾ



www.AKJ.Org

ਬਿਕ੍ਰਮੀ ਸੰਮਤ ੫੭ ਤੋਂ ਸ਼ੁਰੂ ਹੋਇਆ ਹੈ।

**ਅੰਮ੍ਰਿਤਪਾਲ** : ਬਾਪੂ ਜੀ ! ਫੇਰ ਕੀ ਹੋਇਆ ?

**ਬਾਪੂ ਜੀ** : ਬੱਚਿਓ! ਲਾਹੌਰ ਦੇ ਸੂਬੇਦਾਰ ਨੇ ਮੁਖਲਿਸ ਖਾਂ ਫੌਜਦਾਰ ਨੂੰ ਸੱਤ ਕੁ ਹਜ਼ਾਰ ਫੌਜ ਨਾਲ "ਗੁਰੂ ਕੇ ਚੱਕ" ਤੇ ਹੱਲਾ ਬੋਲਣ ਲਈ ਭੇਜ ਦਿੱਤਾ। ਜਦੋਂ ਗੁਰੂ ਸਾਹਿਬ ਨੂੰ ਇਸ ਚੜ੍ਹਾਈ ਦੀ ਸੂਹ ਮਿਲੀ ਤਾਂ ਉਨ੍ਹਾਂ ਨੇ ਆਪਣੇ ਸੂਰਮਿਆਂ ਨੂੰ ਹਰਿਮੰਦਰ ਸਾਹਿਬ ਤੋਂ ਦੂਰ ਹੀ ਮੁਗਲ ਫੌਜਾਂ ਦਾ ਟਾਕਰਾ ਕਰਨ ਲਈ ਭੇਜ ਦਿੱਤਾ।

ਬੱਚਿਓ! ਸਿੱਖ ਫੌਜਾਂ ਦੀ ਕਮਾਨ ਭਾਈ ਬਿਧੀ ਚੰਦ ਅਤੇ ਨੌਜਵਾਨ ਪਠਾਣ ਪੈਂਦੇ ਖਾਂ ਕਰ ਰਹੇ ਸਨ। 'ਪਿਪਲੀ ਸਾਹਿਬ' ਦੇ ਅਸਥਾਨ ਤੇ ਸਿੱਖਾਂ ਦੀ ਮੁਗਲ ਫੌਜਾਂ ਨਾਲ ਸਿੱਧੀ ਟੱਕਰ ਹੋਈ। ਖੂਬ ਖੰਡਾ ਖੜਕਿਆ। ਮੁਗਲ ਫੌਜ ਹਕੂਮਤ ਦੇ ਨਸ਼ੇ ਵਿਚ ਲੜ ਰਹੀ ਸੀ ਪਰ ਸੂਰਮੇ ਸਿੱਖਾਂ ਨੂੰ ਆਪਣੇ ਗੁਰੂ ਦੀ ਥਾਪਨਾ ਸੀ। ਉਹ ਸਿੱਖੀ ਅਣਖ ਦੀ ਖਾਤਰ ਲੜ ਰਹੇ ਸਨ ਜਦ ਕਿ ਮੁਗਲ ਫੌਜਾਂ ਗੁਰੂ ਸਾਹਿਬ ਨੂੰ ਸਬਕ ਸਿਖਾਉਣ ਵਾਸਤੇ ਧਾਈ ਕਰਕੇ ਲਾਹੌਰ ਤੋਂ ਆਈਆਂ ਸਨ। ਦੋਹਾਂ ਪਾਸਿਆਂ ਦੀ ਆਪਸੀ ਟੱਕਰ ਇੱਕ ਭਿਅੰਕਰ ਜੰਗ ਦਾ ਰੂਪ ਧਾਰਨ ਕਰ ਗਈ। ਬੜੀ ਜੰਮ ਕੇ ਲੜਾਈ ਹੋਈ। ਦੋਨਾਂ ਪਾਸਿਆਂ ਦੇ ਜਰਨੈਲਾਂ ਦੀਆਂ ਆਪੋ ਵਿਚ ਤਲਵਾਰਾਂ ਭਿੜੀਆਂ। ਸਿੱਖ ਏਨੀ ਬਹਾਦਰੀ ਨਾਲ ਲੜੇ ਕਿ ਮੁਗਲ ਫੌਜਾਂ ਦੇ ਪੈਰ ਉਖੜ ਗਏ। ਕਈ ਮੁਗਲ ਸਰਦਾਰ ਜਹਨਮ ਜਾ ਪਹੁੰਚੇ। ਏਧਰ ਭਾਈ ਭਾਨਾ ਜੀ ਵਰਗੇ ਵੀ ਕਈ ਚੋਟੀ ਦੇ ਸੂਰਮੇ ਸ਼ਹੀਦੀ ਪਾ ਗਏ। ਭਾਈ ਸਿੰਘਾ ਜੀ ਦੀ ਸ਼ਹੀਦੀ ਤੋਂ ਬਾਅਦ ਪੈਂਦੇ ਖਾਂ ਅੱਗੇ ਵਧਿਆ। ਪੈਂਦੇ ਖਾਂ ਤੇ ਭਾਈ ਬਿਧੀ ਚੰਦ ਨੇ ਦੁਸ਼ਮਣਾਂ ਦੇ ਬਹੁਤ ਆਹੂ ਲਾਹੇ। ਉਨ੍ਹਾਂ ਨੇ ਜੰਗ ਦਾ ਰੁਖ ਹੀ ਬਦਲ ਕੇ ਰੱਖ ਦਿੱਤਾ।

**ਅੰਮ੍ਰਿਤਪਾਲ** : ਬਾਪੂ ਜੀ ਪੈਂਦੇ ਖਾਂ ਕੌਣ ਸੀ ?

**ਬਾਪੂ ਜੀ** : ਪੈਂਦੇ ਖਾਂ ਇੱਕ ਪਠਾਣ ਸੀ ਜਿਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਬੱਚਿਆਂ ਵਾਂਗ ਪਾਲਿਆ ਸੀ ਅਤੇ ਜੰਗੀ ਹੁਨਰ ਵਿਚ ਨਿਪੁੰਨ ਕੀਤਾ ਸੀ।

**ਪ੍ਰਭਜੋਤ** : ਗੁਰੂ ਸਾਹਿਬ ਦੀ ਫੌਜ ਵਿਚ ਮੁਸਲਮਾਨ ਵੀ ਸੀ ?

**ਬਾਪੂ ਜੀ** : ਕਿਉਂ ਨਹੀਂ ? ਗੁਰੂ ਸਾਹਿਬ ਸਾਰੇ ਧਰਮਾਂ ਦੇ ਲੋਕਾਂ ਨੂੰ ਪਿਆਰ ਕਰਦੇ ਸਨ। ਉਹ ਸਾਰੇ ਮਨੁੱਖਾ ਵਿਚ ਰੱਬ ਦੀ ਜੋਤਿ ਮਹਿਸੂਸ ਕਰਦੇ ਸਨ। ਪਿਆਰ ਸਦਕਾ ਲੋਕੀਂ ਉਨ੍ਹਾਂ ਵਲ ਖਿੱਚੇ ਆਉਂਦੇ ਸਨ। ਉਨ੍ਹਾਂ ਦੀ ਲੜਾਈ ਜ਼ਾਲਮਾਂ ਨਾਲ ਸੀ, ਜਰਵਾਣਿਆਂ ਨੂੰ ਸੋਧਣ ਲਈ ਹੀ ਉਨ੍ਹਾਂ ਨੇ ਸਿੱਖ ਫੌਜ ਖੜ੍ਹੀ ਕੀਤੀ ਜਿਸ ਵਿਚ ਸਿੱਖਾਂ ਤੋਂ ਇਲਾਵਾ ਮੁਸਲਮਾਨ ਜਵਾਨ ਵੀ ਸਨ ।

**ਅੰਮ੍ਰਿਤਪਾਲ**:ਬਾਪੂ ਜੀ ! ਲੜਾਈ ਸਮੇਂ ਗੁਰੂ ਸਾਹਿਬ ਕਿੱਥੇ ਸੀ ?

**ਬਾਪੂ ਜੀ** : ਜਦੋਂ ਮੁਗਲ ਫੌਜਾਂ ਲਾਹੌਰ ਤੋਂ ਚੜ੍ਹ ਕੇ ਆਈਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਸੀ। ਤਿੰਨਾਂ ਕੁ ਦਿਨਾਂ ਤੱਕ ਬਰਾਤ ਨੇ ਆਉਣਾ ਸੀ। ਹਾਲਾਤ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਨੇ ਆਪਣੇ ਮਹਿਲਾਂ ਨੂੰ ਝਬਾਲ ਪਿੰਡ ਭੇਜ ਦਿੱਤਾ ਅਤੇ ਆਪ ਮੁਗਲ ਫੌਜਾਂ ਦਾ ਟਾਕਰਾ ਕਰਨ ਦੇ ਕੰਮ ਵਿੱਚ ਰੁੱਝ ਗਏ।

ਬੱਚਿਓ। ਜਦੋਂ ਗਹਿਗਚ ਲੜਾਈ ਚਲ ਰਹੀ ਸੀ ਤਾਂ ਗੁਰੂ ਸਾਹਿਬ ਕਿਲ੍ਹਾ ਲੋਹਗੜ੍ਹ ਵਿੱਚ ਸੁਰਖਿਆ ਦੇ ਪ੍ਰਬੰਧ ਕਰ ਰਹੇ ਸਨ। ਕਿਲ੍ਹੇ ਅੰਦਰ ਗੁਰੂ ਜੀ ਨਾਲ ਥੋਹੜੇ ਜੇਹੇ ਗਿਣਤੀ ਦੇ ਹੀ ਸਿੱਖ ਸਨ। ਮੁਗਲ ਫੌਜਾਂ ਦੇ ਸਰਦਾਰ ਮੁਖਲਿਸ ਖਾਂ ਨੂੰ ਜਦੋਂ ਸੂਹ ਮਿਲੀ ਕਿ ਗੁਰੂ ਸਾਹਿਬ ਕਿਲ੍ਹੇ ਅੰਦਰ ਹਨ ਤਾਂ ਉਸ ਨੇ ਕਿਲ੍ਹੇ ਨੂੰ ਘੇਰ ਲਿਆ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਗੁਰੂ ਸਾਹਿਬ ਨੇ ਦਰਖਤ ਦੇ ਤਣੇ ਦੀ ਇੱਕ ਤੋਪ ਬਣਵਾਈ ਅਤੇ ਉਸ ਤੋਪ ਦੁਆਰਾ ਪੱਥਰਾਂ ਦੇ ਗੋਲੇ ਦੁਸ਼ਮਣ ਤੇ ਦਾਗਣੇ ਸ਼ੁਰੂ ਕਰਵਾ ਦਿੱਤੇ। ਦੁਸ਼ਮਣ ਨੂੰ ਕਿਲ੍ਹੇ ਦੁਆਲੇ ਦੇਖਦਿਆਂ ਹੀ ਪੈਂਦੇ ਖਾਂ, ਭਾਈ ਬਿਧੀ ਚੰਦ, ਜੀਤ ਮਲ ਆਦਿਕ ਸਰਦਾਰ ਆਪਣੇ ਦਸਤਿਆਂ ਸਮੇਤ ਘੇਰਾ ਘੱਤੀ ਮੁਗਲ ਫੌਜ ਤੇ ਟੁੱਟ ਪਏ ਅਤੇ ਦੁਸ਼ਮਣ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਦੁਸ਼ਮਣ ਨੇ ਏਨੇ ਜ਼ੋਰ ਦਾ ਹੱਲਾ ਕੀਤਾ ਕਿ ਕਿਲ੍ਹੇ ਦੀ ਇੱਕ ਕੰਧ ਡਿਗ ਪਈ ਪਰ ਰੱਬ ਦੀ ਕਰਨੀ ਅਜੇਹੀ ਵਰਤੀ ਕਿ ਰਾਤ ਪੈ ਗਈ ਅਤੇ ਲੜਾਈ ਬੰਦ ਹੋ ਗਈ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਅਗਲੇ ਦਿਨ ਸੂਰਜ ਚੜ੍ਹਦਿਆਂ ਹੀ ਲੜਾਈ ਫੇਰ ਸ਼ੁਰੂ ਹੋ ਗਈ। ਲਾਹੌਰ ਤੋਂ ਤਾਜ਼ਾ ਦਮ ਫੌਜੀ ਦਸਤੇ ਪਹੁੰਚ ਗਏ। ਲੜਾਈ ਖੂਬ ਭਖੀ। ਦੋਵੇਂ ਪਾਸਿਆਂ ਦੇ ਯੋਧੇ ਜਾਨਾਂ ਹੂਲ ਕੇ ਲੜੇ। ਗੁਰੂ ਸਾਹਿਬ ਵੀ ਕਿਲ੍ਹੇ ਵਿਚੋਂ ਬਾਹਰ ਆ ਕੇ ਜੰਗ ਵਿੱਚ ਕੁੱਦ ਪਏ। ਉਨ੍ਹਾਂ ਨੇ ਦੁਸ਼ਮਣ ਦੇ ਸਰਦਾਰਾਂ ਨੂੰ ਚੁਣ ਚੁਣ ਕੇ ਆਪਣੇ ਤੀਰਾਂ ਦਾ ਨਿਸ਼ਾਨਾ ਬਣਾਇਆ। ਫਤਹ ਹਾਸਿਲ ਨਾ ਹੁੰਦੀ ਦੇਖ ਕੇ ਮੁਗਲ ਕਮਾਂਡਰ ਮੁਖਲਿਸ ਖਾਂ ਨੇ ਪੈਂਤਰਾ ਬਦਲਿਆ ਅਤੇ ਗੁਰੂ ਸਾਹਿਬ ਨੂੰ ਲਲਕਾਰਦਿਆਂ ਹੋਇਆ ਕਿਹਾ,"ਐਵੇਂ ਫੌਜਾਂ ਨੂੰ ਕਿਉਂ ਮਰਵਾ ਰਹੇ ਹੋ, ਮੇਰੇ ਨਾਲ ਖੁਦ ਦੋ ਹੱਥ ਕਰਕੇ ਹਾਰ ਜਿੱਤ ਦਾ ਫੈਸਲਾ ਕਰ ਲਵੋ।"

ਬੱਚਿਓ! ਗੁਰੂ ਜੀ ਨੇ ਮੁਖਲਿਸ ਖਾਂ ਦੀ ਚਨੌਤੀ ਪ੍ਰਵਾਨ ਕਰ ਲਈ। ਦੋਨੋ ਪਾਸਿਓਂ ਫੌਜਾਂ ਪਿੱਛੇ ਹਟ ਗਈਆਂ। ਗੁਰੂ ਸਾਹਿਬ ਕਲਗੀ ਸਜਾਏ ਘੋੜੇ ਤੇ ਸਵਾਰ ਮੁਖਲਿਸ ਖਾਂ ਦੇ ਮੁਕਾਬਲੇ ਮੈਦਾਨ ਵਿੱਚ ਉਤਰ ਆਏ। ਗੁਰੂ ਸਾਹਿਬ ਨੇ ਆਪਣੇ ਪਹਿਲੇ ਤੀਰ ਨਾਲ ਹੀ ਮੁਖਲਿਸ ਖਾਂ ਫੌਜਦਾਰ ਦਾ ਘੋੜਾ ਜਖਮੀ ਕਰ ਦਿੱਤਾ। ਘੋੜਾ ਛੱਡ ਕੇ ਉਹ ਪੈਦਲ ਹੋ ਗਿਆ। ਇਹ ਦੇਖ ਕੇ ਗੁਰੂ ਸਾਹਿਬ ਨੇ ਵੀ ਆਪਣਾ ਘੋੜਾ ਛੱਡ ਦਿੱਤਾ



www.AKJ.Org

ਅਤੇ ਖੰਡਾ ਹੱਥ ਵਿੱਚ ਫੜ ਲਿਆ।

ਗੁਰੂ ਸਾਹਿਬ ਨੇ ਮੁਖਲਿਸ ਖਾਂ ਨੂੰ ਪਹਿਲਾਂ ਵਾਰ ਕਰਨ ਲਈ ਲਲਕਾਰਿਆ। ਮੁਖਲਿਸ ਖਾਂ ਨੇ ਕ੍ਰੋਧ ਵਿੱਚ ਆ ਕੇ ਇਕ ਭਰਵਾਂ ਵਾਰ ਗੁਰੂ ਜੀ ਤੇ ਕੀਤਾ ਪਰ ਗੁਰੂ ਸਾਹਿਬ ਨੇ ਫੁਰਤੀ ਨਾਲ ਪੈਂਤਰਾ ਬਦਲ ਕੇ ਉਸ ਦਾ ਵਾਰ ਨਾਕਾਮ ਕਰ ਦਿੱਤਾ। ਮੁਖਲਿਸ ਖਾਂ ਨੇ ਫੇਰ ਵਾਰ ਕੀਤਾ ਪਰ ਗੁਰੂ ਜੀ ਨੇ ਉਸ ਦਾ ਦੂਸਰਾ ਵਾਰ ਵੀ ਨਿਸਫਲ ਕਰ ਦਿੱਤਾ। ਗੁਰੂ ਸਾਹਿਬ ਨੇ ਮੁਖਲਿਸ ਖਾਂ ਨੂੰ ਲਲਕਾਰਦੇ ਹੋਏ ਅਜੇਹਾ ਵਾਰ ਕੀਤਾ ਕਿ ਉਨ੍ਹਾਂ ਦਾ ਵਾਰ ਢਾਲ ਨੂੰ ਚੀਰਦਾ ਹੋਇਆ ਮੁਖਲਿਸ ਖਾਂ ਦੇ ਸਰੀਰ ਨੂੰ ਦੋ-ਫਾੜ ਕਰ ਦਿੱਤਾ। ਆਪਣੇ ਫੌਜਦਾਰ ਦੀ ਲਾਸ਼ ਨੂੰ ਲਹੂ ਲੁਹਾਣ ਮਿੱਟੀ ਵਿੱਚ ਰੁਲਦੀ ਦੇਖ ਕੇ ਸ਼ਾਹੀ ਫ਼ੌਜ ਦੇ ਹੌਸਲੇ ਟੁੱਟ ਗਏ ਅਤੇ ਭਾਜੜਾਂ ਪੈ ਗਈਆਂ।

**ਅਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਸਿੱਖਾਂ ਵਿੱਚ ਇੰਨਾ ਜੋਸ਼ ਸੀ ਕਿ ਉਹ ਦੁਸ਼ਮਣ ਦੀਆਂ ਫੌਜਾਂ ਦੇ ਆਹੂ ਲਾਹੁਣਾ ਚਾਹੁੰਦੇ ਸਨ ਪਰ ਧਰਮੀ ਸਤਿਗੁਰੂ ਨੇ ਉਨ੍ਹਾਂ ਨੂੰ ਰੋਕ ਦਿਤਾ। ਰਾਤ ਨੂੰ ਗੁਰੂ ਸਾਹਿਬ ਨੇ ਜੰਗ ਵਿੱਚ ਸ਼ਹੀਦ ਹੋਏ ਸਿੱਖਾਂ ਦੀਆਂ ਦੇਹਾਂ ਇੱਕ ਥਾਂ ਤੇ ਇਕਠੀਆਂ ਕਰਵਾਈਆਂ ਅਤੇ ਗੁਰਬਾਣੀ ਦੇ ਪਾਠ ਅਰਦਾਸ ਉਪ੍ਰੰਤ ਆਪਣੇ ਕਰ-ਕਮਲਾਂ ਨਾਲ ਚਿਖਾ ਨੂੰ ਅਗਨ ਭੇਟ ਕੀਤਾ।

ਆਪਣੇ ਸ਼ਹੀਦ ਸੂਰਮਿਆਂ ਦੇ ਸਸਕਾਰ ਤੋਂ ਵੇਹਲੇ ਹੋ ਕੇ ਗੁਰੂ ਸਾਹਿਬ ਸਮੇਤ ਸਾਰੇ ਸਿੱਖਾਂ ਦੇ ਆਪਣੀ ਸਪੁੱਤਰੀ ਦਾ ਵਿਆਹ ਕਾਰਜ ਨੇਪਰੇ ਚਾੜ੍ਹਨ ਲਈ ਰਾਤੋ ਰਾਤ ਝਬਾਲ ਪਹੁੰਚ ਗਏ।

**ਅਮ੍ਰਿਤਪਾਲ** : ਸ਼ਾਹੀ ਫੌਜਾਂ ਦਾ ਕੀ ਬਣਿਆ ?

**ਬਾਪੂ ਜੀ** : ਬਣਨਾ ਕੀ ਸੀ ? ਆਪਣੇ ਫੌਜਦਾਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਹੌਸਲੇ ਟੁੱਟ ਗਏ ਅਤੇ ਭੱਜਦਿਆਂ ਨੂੰ ਰਾਹ ਨਾ ਲੱਭਾ।

**ਕੁਲਜੀਤ ਸਿੰਘ** : ਬਾਪੂ ਜੀ ! ਇਸ ਕਰਾਰੀ ਹਾਰ ਦਾ ਮੁਗਲ ਹਕੂਮਤ ਤੇ ਕੀ ਅਸਰ ਪਿਆ ?

**ਬਾਪੂ ਜੀ** : ਹਾਰ ਦੀ ਖਬਰ ਸੁਣਦਿਆਂ ਹੀ ਪ੍ਰਧਾਨ ਮੰਤਰੀ ਆਸਫ ਅਲੀ ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਉਸ ਨੇ ਸੂਬੇਦਾਰ ਲਾਹੌਰ ਦੀ ਛੁੱਟੀ ਕਰ ਦਿੱਤੀ ਅਤੇ ਸ਼ਾਹੀ ਫੌਜਾਂ ਦਾ ਮਨੋਬਲ ਉੱਚਾ ਰੱਖਣ ਲਈ ਅਨਾਇਤ ਉੱਲਾ ਨੂੰ ਲਾਹੌਰ ਦਾ ਨਵਾਂ ਸੂਬੇਦਾਰ ਬਣਾ ਦਿੱਤਾ।

**ਕੁਲਜੀਤ ਸਿੰਘ** : ਆਪਣੀ ਹਾਰ ਦਾ ਬਦਲਾ ਲੈਣ ਲਈ ਹਕੂਮਤ ਨੇ ਕੀ ਕੀਤਾ ?

**ਬਾਪੂ ਜੀ** : ਬਾਰ ਬਾਰ ਜੰਗਾਂ ਲੜੀਆਂ।

**ਕੁਲਜੀਤ ਸਿੰਘ** : ਜਿੱਤ ਕਿਸ ਦੀ ਹੋਈ ?

**ਬਾਪੂ ਜੀ** : ਜਿੱਤ ਤਾਂ ਹਮੇਸ਼ਾਂ ਸਚਾਈ ਦੀ ਹੀ ਹੁੰਦੀ ਹੈ। ਮੁਗਲ ਹਕੂਮਤ ਗੁਰੂ ਸਾਹਿਬ ਨੂੰ ਨੀਚਾ ਦਿਖਾਉਣ ਲਈ ਬਾਰ ਬਾਰ ਲੜਾਈਆਂ ਕਰਦੇ ਰਹੇ ਪਰ ਉਨ੍ਹਾਂ ਨੂੰ ਹਰ ਵੇਰ ਮੂੰਹ ਦੀ ਖਾਣੀ ਪਈ। ਪਰਉਪਕਾਰੀ ਯੋਧੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਨੀਚਾ ਨਾ ਦਿਖਾ ਸਕੇ।

**ਅਮ੍ਰਿਤਪਾਲ** : ਗੁਰੂ ਸਾਹਿਬ ਨੇ ਕੁਲ ਕਿੰਨੀਆਂ ਲੜਾਈਆਂ ਲੜੀਆਂ ?

**ਬਾਪੂ ਜੀ** : ਚਾਰ।

**ਅਮ੍ਰਿਤਪਾਲ** : ਕਿੱਥੇ ਕਿੱਥੇ ?

**ਬਾਪੂ ਜੀ** : ਪਹਿਲੀ ਲੜਾਈ ਜਿਹੜੀ ਸੰਨ ੧੬੨੮ ਈਸਵੀ ਵਿੱਚ ਹੋਈ ਉਸਦਾ ਹਾਲ ਤੁਸੀਂ ਸੁਣ ਹੀ ਲਿਆ ਹੈ। ਉਹ ਗੁਰੂ ਕੇ ਚੱਕ (ਅੰਮ੍ਰਿਤਸਰ) ਲੜੀ ਗਈ। ਦੂਜੀ ਜੰਗ ਸੰਨ ੧੬੩੦ ਈਸਵੀ ਵਿੱਚ ਹਰਿਗੋਬਿੰਦ ਪੁਰ, ਸੰਨ ੧੬੩੨ ਵਿੱਚ ਤੀਜੀ ਮਹਿਰਾਜ (ਮਾਲਵਾ) ਵਿਖੇ ਅਤੇ ਚੌਥੀ ਸੰਨ ੧੬੩੪ ਈਸਵੀ ਵਿੱਚ ਕਰਤਾਰ ਪੁਰ (ਜਲੰਧਰ) ਵਿਖੇ ਹੋਈ।

**ਪ੍ਰਭਜੋਤ** : ਇਹ ਲੜਾਈਆਂ ਕਿਉਂ ਹੋਈਆਂ ?

**ਬਾਪੂ ਜੀ** : ਪਹਿਲੀ ਲੜਾਈ ਦਾ ਕਾਰਨ ਤੁਸੀਂ ਸੁਣ ਹੀ ਲਿਆ ਹੈ ਕਿ ਸ਼ਿਕਾਰ ਖੇਡ ਰਹੀਆਂ ਸਰਕਾਰੀ ਫੌਜਾਂ ਦਾ ਬਾਜ਼ ਕੁਝ ਸਿੱਖਾਂ ਦੇ ਹੱਥ ਆ ਗਿਆ। ਸਿੱਖ ਸਰਕਾਰੀ ਫੌਜਾਂ ਦੇ ਰੋਹਬ ਥੱਲੇ ਨਾ ਆਏ ਉਨ੍ਹਾਂ ਨੇ ਬਾਜ਼ ਨਾ ਦਿੱਤਾ। ਇਸ ਘਟਨਾ ਨੂੰ ਮੁੱਖ ਰੱਖ ਕੇ ਸਰਕਾਰੀ ਫੌਜਾਂ ਨੇ "ਗੁਰੂ ਕੇ ਚੱਕ" ਤੇ ਚੜ੍ਹਾਈ ਕਰ ਦਿੱਤੀ।

ਬੱਚਿਓ ! ਗੁਰੂ ਸਾਹਿਬ ਬੜੇ ਦੂਰਅੰਦੇਸ਼ ਸਨ। ਉਨ੍ਹਾਂ ਨੂੰ ਪਤਾ ਸੀ ਕਿ ਹਾਰ ਤੋਂ ਬਾਅਦ ਹਕੂਮਤ ਟਿਕ ਕੇ ਨਹੀਂ ਬੈਠੇਗੀ, ਆਪਣੀ ਹੈਂਕੜ ਨੂੰ ਉੱਚਾ ਰੱਖਣ ਲਈ ਮੁੜ ਧਾਵਾ ਕਰੇਗੀ। ਸੋ ਗੁਰੂ ਸਾਹਿਬ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਹਰਿਗੋਬਿੰਦ ਪੁਰੇ ਆ ਟਿਕੇ। ਇਹ ਨਗਰ ਉੱਚੀ ਥਾਂ ਤੇ ਸੀ ਅਤੇ ਜੰਗ ਦੀ ਸੂਰਤ ਵਿੱਚ ਬਚਾਓ ਦਾ ਚੰਗਾ ਕੰਮ ਦੇ ਸਕਦਾ ਸੀ। ਆਪਣੇ ਬਚਾਅ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਨੇ ਨਗਰ ਦੇ ਆਲੇ ਦੁਆਲੇ ਕੰਧ ਬਣਾਉਣ ਦਾ ਫੈਸਲਾ ਕੀਤਾ ਪਰ ਉਸ ਪਿੰਡ ਦੇ ਵਸਨੀਕ ਭਗਵਾਨ ਦਾਸ ਖੱਤਰੀ ਨੇ ਕੰਧ ਉਸਾਰਨ ਵਿੱਚ ਅੜਿੱਕਾ ਪਾ ਦਿੱਤਾ। ਜਦ ਗੁਰੂ ਸਾਹਿਬ ਆਪਣੇ ਇਰਾਦੇ ਤੋਂ ਪਿੱਛੇ ਨਾ ਹਟੇ ਤਾਂ ਉਹ ਕੁੱਝ ਭਾੜੇ ਦੇ ਬੰਦੇ ਨਾਲ ਲਿਆ ਕੇ ਗੁਰੂ ਸਾਹਿਬ ਨੂੰ ਬੋਲ ਕਬੋਲ ਬੋਲਣ ਲੱਗ ਪਿਆ। ਗੁਰੂ ਸਾਹਿਬ ਤਾਂ ਚੁੱਪ ਰਹੇ ਪਰ ਆਪਣੇ ਗੁਰੂ ਦੀ ਬੇਇੱਜ਼ਤੀ ਨਾ ਸਹਾਰਦੇ ਹੋਏ ਕੋਲ ਖੜ੍ਹੇ ਇੱਕ ਸਿੱਖ ਨੇ ਭਗਵਾਨ ਦਾਸ ਦਾ ਸਿਰ ਲਾਹ ਦਿੱਤਾ। ਭਗਵਾਨ ਦਾਸ ਨਾਲ ਆਏ ਉਸ ਦੇ ਸਾਥੀ ਮੂੰਹ ਦੇਖਦੇ ਹੀ ਰਹਿ ਗਏ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਭਗਵਾਨ ਦਾਸ ਦਾ ਪੁੱਤਰ ਰਤਨ ਚੰਦ, ਚੰਦੂ ਦੇ ਪੁੱਤਰ



www.AKJ.Org

ਕਰਮ ਚੰਦ ਨੂੰ ਨਾਲ ਲੈ ਕੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਨ ਕੋਲ ਗਿਆ ਅਤੇ ਉਸ ਅੱਗੇ ਆਪਣਾ ਰੋਣਾ ਰੋਇਆ। ਫੌਜਦਾਰ ਦੀਆਂ ਨਜ਼ਰਾਂ ਵਿੱਚ ਗੁਰੂ ਸਾਹਿਬ ਪਹਿਲਾਂ ਹੀ ਰੜਕਦੇ ਸਨ। ਸੋ ਉਸ ਨੇ ਆਪਣੀਆਂ ਫੌਜਾਂ ਨੂੰ ਇਕ ਦਮ ਚੜ੍ਹਾਈ ਦੇ ਹੁਕਮ ਦੇ ਦਿੱਤੇ। ਇਸ ਤਰ੍ਹਾਂ ਕੋਈ ਚਾਰ ਕੁ ਹਜ਼ਾਰ ਸ਼ਾਹੀ ਫੌਜ ਨੇ ਹਰਿਗੋਬਿੰਦ ਪੁਰ ਦੁਆਲੇ ਆਣ ਘੇਰਾ ਪਾਇਆ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਉਹੋ ਕੁਝ ਜੋ ਇੱਕ ਜੰਗ ਦੇ ਵਿੱਚ ਹੋਇਆ ਕਰਦਾ ਹੈ। ਬੜੀ ਗਹਿਗੱਚ ਲੜਾਈ ਹੋਈ। ਗੁਰੂ ਕੇ ਸਿੱਖ ਬੜੀ ਬਹਾਦਰੀ ਨਾਲ ਲੜੇ। ਉਨ੍ਹਾਂ ਨੇ ਮੁਗਲ ਫੌਜਾਂ ਦੇ ਛੱਕੇ ਛੁਡਾ ਦਿੱਤੇ। ਫੌਜਦਾਰ ਅਬਦੁੱਲਾ ਖਾਨ ਦੇ ਮਾਰੇ ਜਾਣ ਤੇ ਸ਼ਾਹੀ ਫੌਜਾਂ ਮੈਦਾਨੇ-ਜੰਗ ਵਿਚੋਂ ਦੁਮ-ਦਬਾ ਕੇ ਭੱਜ ਗਈਆਂ। ਇਸ ਤਰ੍ਹਾਂ ਇਸ ਜੰਗ ਵਿੱਚ ਵੀ ਫਤਿਹ ਗੁਰੂ ਸਾਹਿਬ ਦੀ ਹੀ ਹੋਈ।

**ਪ੍ਰਭਜੋਤ** : ਬਾਪੂ ਜੀ ! ਤੀਜੀ ਲੜਾਈ ਦਾ ਕੀ ਕਾਰਨ ਸੀ ?

**ਬਾਪੂ ਜੀ** : ਬੱਚਿਓ ! ਗੁਰੂ ਹਰਗੋਬਿੰਦ ਸਾਹਿਬ ਅਤੇ ਲਾਹੌਰ ਦੀਆਂ ਸ਼ਾਹੀ ਫੌਜਾਂ ਵਿੱਚ ਤੀਜੀ ਲੜਾਈ ਜਿਹੜੀ ਸੰਨ ੧੬੩੨ ਈ: ਵਿੱਚ ਹੋਈ, ਉਸ ਦਾ ਕਾਰਨ ਵੀ ਸੂਬਾ ਲਾਹੌਰ ਦੀ ਵਧੀਕੀ ਹੀ ਸੀ।

**ਪ੍ਰਭਜੋਤ** : ਉਹ ਕੀ ਸੀ ?

**ਬਾਪੂ ਜੀ** : ਬੱਚਿਓ ! ਜਿਵੇਂ ਕਿ ਤੁਹਾਨੂੰ ਪਹਿਲਾਂ ਦੱਸਿਆ ਹੈ, ਗੁਰੂ ਹਰਗੋਬਿੰਦ ਸਾਹਿਬ ਨੇ ਗੱਦੀ ਤੇ ਬੈਠਦਿਆਂ ਹੀ ਸਿੱਖਾਂ ਨੂੰ ਭੇਟਾ ਵਜੋਂ ਵਧੀਆ ਘੋੜੇ ਅਤੇ ਸ਼ਸ਼ਤਰ ਲਿਆਉਣ ਵਾਸਤੇ ਹੁਕਮਨਾਮੇ ਜਾਰੀ ਕਰ ਦਿੱਤੇ ਸਨ। ਕਾਬਲ ਤੋਂ ਇੱਕ ਸ਼ਰਧਾਲੂ ਸਿੱਖ ਗੁਰੂ ਜੀ ਨੂੰ ਭੇਟ ਕਰਨ ਲਈ ਬਹੁਤ ਸੁੰਦਰ ਦੋ ਘੋੜੇ "ਗੁਰੂ ਕੇ ਚੱਕ" (ਅੰਮ੍ਰਿਤਸਰ) ਵਲ ਲਿਆ ਰਿਹਾ ਸੀ ਕਿ ਰਸਤੇ ਵਿੱਚ ਲਾਹੌਰ ਦੇ ਸੂਬੇਦਾਰ ਨੇ ਜਬਰਦਸਤੀ ਖੋਹ ਲਏ ਅਤੇ ਸ਼ਾਹੀ ਕਿਲ੍ਹੇ ਦੇ ਅਸਤਬਲ ਵਿੱਚ ਜਾ ਬੰਨ੍ਹੇ। ਜਦੋਂ ਸਿੱਖਾਂ ਨੇ ਇਹ ਖਬਰ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਜੀ ਨੇ ਘੋੜੇ ਵਾਪਸ ਲਿਆਉਣ ਦਾ ਕੰਮ ਭਾਈ ਬਿਧੀ ਚੰਦ ਨੂੰ ਸੌਂਪਿਆ। ਭਾਂਈ ਬਿਧੀ ਚੰਦ ਬੜੀ ਜੁਗਤ ਨਾਲ ਸ਼ਾਹੀ ਕਿਲ੍ਹੇ ਵਿੱਚੋਂ ਵਾਰੋ ਵਾਰੀ ਦੋਵੇਂ ਘੋੜੇ ਲਿਆਉਣ ਵਿੱਚ ਸਫਲ ਹੋ ਗਿਆ। ਜਦੋਂ ਅਨਾਇਤ ਉਲਾ, ਸੂਬੇਦਾਰ ਲਾਹੌਰ ਨੂੰ ਇਸ ਭੇਦ ਵਾਲੀ ਗੱਲ ਦਾ ਪਤਾ ਲੱਗਾ ਤਾਂ ਉਹ ਬੜਾ ਤੜਫਿਆ। ਉਸ ਨੇ ਇਸ ਵਿੱਚ ਆਪਣੀ ਬੇਇੱਜ਼ਤੀ ਸਮਝੀ। ਬੱਸ ! ਇਹ ਘਟਨਾ ਤੀਜੀ ਲੜਾਈ ਦਾ ਕਾਰਨ ਬਣ ਗਈ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਸੂਬੇਦਾਰ ਲਾਹੌਰ ਨੇ ਲੱਲਾ ਬੇਗ ਦੀ ਅਗਵਾਈ ਹੇਠ ਦਸ ਹਜ਼ਾਰ ਫੌਜ਼ ਗੁਰੂ ਸਾਹਿਬ ਦੀ ਭਾਲ ਵਿੱਚ ਮਾਲਵੇ ਵੱਲ ਭੇਜ ਦਿੱਤੀ। ਲੱਲਾ ਬੇਗ ਖੂਹਾਂ ਨੂੰ ਆਪਣੇ ਕਬਜ਼ੇ ਵਿੱਚ ਕਰਦਾ ਹੋਇਆ ਮਹਿਰਾਜ ਤੇ ਨਥਾਣੇ ਦੇ ਇਲਾਕੇ ਵਿੱਚ ਫਿਰ ਰਿਹਾ ਸੀ ਕਿ ਸਿੱਖਾਂ ਨੇ ਗੋਲੀ ਚਲਾ ਦਿੱਤੀ। ਸਿੱਖਾਂ ਦੇ ਗੋਲੀ ਚਲਾਉਣ ਦੀ ਹੀ ਦੇਰ ਸੀ ਕਿ ਜੰਗ ਸ਼ੁਰੂ ਹੋ ਗਈ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਉਹੋ ਕੁਝ ਜੋ ਪਹਿਲੀਆਂ ਦੋ ਲੜਾਈਆਂ ਵਿੱਚ ਹੋਇਆ ਸੀ। ਖੂਬ ਗਹਿਗੱਚ ਲੜਾਈ ਹੋਈ। ਸਿੱਖ ਸੂਰਮੇ ਬੜੇ ਹੌਂਸਲੇ ਨਾਲ ਲੜੇ। ਲੜਾਈ ਦੇ ਆਖਰੀ ਦਮਾਂ ਤੇ ਫੌਜ਼ਦਾਰ ਲੱਲਾ ਬੇਗ ਗੁਰੂ ਸਾਹਿਬ ਨੂੰ ਲਲਕਾਰਦਾ ਹੋਇਆ ਅੱਗੇ ਵੱਧਿਆ ਪਰ ਗੁਰੂ ਸਾਹਿਬ ਨੇ ਇੱਕੋ ਵਾਰ ਵਿੱਚ ਉਸਦੀ ਅਲਖ ਮੁਕਾ ਦਿੱਤੀ। ਲੱਲਾ ਬੇਗ ਨੂੰ ਮਰਦਿਆਂ ਦੇਖ ਕੇ ਸ਼ਾਹੀ ਫੌਜ਼ ਭੱਜ ਉਠੀ, ਜਿੱਧਰ ਨੂੰ ਕਿਸੇ ਦਾ ਮੂੰਹ ਆਇਆ ਆਪਣੀ ਜਾਨ ਬਚਾਉਂਦਾ ਦੌੜ ਗਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਮੁਗਲ ਫੌਜਾਂ ਨੂੰ ਹਾਰ ਤੇ ਹਾਰ ਦੇ ਕੇ ਸ਼ਾਹੀ ਵਕਾਰ ਨੂੰ ਮਿੱਟੀ ਵਿੱਚ ਮਿਲਾ ਦਿੱਤਾ।

**ਪ੍ਰਭਜੋਤ** : ਇਸ ਤੋਂ ਬਾਅਦ ਕੀ ਹੋਇਆ ?

**ਬਾਪੂ ਜੀ** : ਗੁਰੂ ਸਾਹਿਬ ਯੁੱਧਾਂ ਤੋਂ ਵਿਹਲੇ ਹੋ ਕੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਆਪਣੇ ਵੱਡੇ ਵਡੇਰਿਆਂ ਦੇ ਨਗਰ ਕਰਤਾਰਪੁਰ (ਜਲੰਧਰ) ਆ ਟਿਕੇ। ਇਥੇ ਰਹਿੰਦਿਆਂ ਗੁਰੂ ਸਾਹਿਬ ਨੇ ਜੰਗਾਂ ਵਿੱਚ ਬਹਾਦਰੀ ਨਾਲ ਲੜਨ ਵਜੋਂ ਆਪਣੇ ਪਾਲਤੂ ਯੋਧੇ ਪੈਂਦੇ ਖਾਂ ਨੂੰ ਇੱਕ ਬਹੁਮੁੱਲਾ ਘੋੜਾ, ਜੜਾਊ ਤਲਵਾਰ, ਚਿੱਟਾ ਬਾਜ ਤੇ ਜ਼ਰੀਦਾਰ ਵਸਤਰ ਆਦਿ ਬਖਸ਼ਿਸ਼ ਕੀਤੇ ਅਤੇ ਹੁਕਮ ਕੀਤਾ ਕਿ ਉਹ ਹਰ ਰੋਜ਼ ਦਰਬਾਰ ਵਿੱਚ ਇਹ ਬਸਤਰ ਪਹਿਨ ਕੇ ਅਤੇ ਸਸ਼ਤਰ ਸਜਾ ਕੇ ਆਇਆ ਕਰੇ। ਇਹ ਵਸਤਾਂ ਪ੍ਰਾਪਤ ਕਰਕੇ ਪੈਂਦੇ ਖਾਂ ਨੂੰ ਹੰਕਾਰ ਹੋ ਗਿਆ ਕਿ ਮੇਰੇ ਕਰਕੇ ਹੀ ਗੁਰੂ ਸਾਹਿਬ ਨੂੰ ਜੰਗਾਂ ਵਿੱਚ ਜਿੱਤ ਹੋਈ ਹੈ। ਉਸ ਨੇ ਗੁਰੂ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਚਿੱਟਾ ਬਾਜ਼ ਆਪਣੇ ਦਾਮਾਦ ਉਸਮਾਨ ਖਾਨ ਨੂੰ ਦੇ ਦਿੱਤਾ। ਜਦ ਗੁਰੂ ਸਾਹਿਬ ਨੇ ਪੁੱਛਿਆ ਕਿ ਉਹ ਦਰਬਾਰ ਵਿੱਚੋਂ ਗੈਰਹਾਜ਼ਰ ਕਿਉਂ ਰਹਿੰਦਾ ਹੈ ਤਾਂ ਉਲਟੀਆਂ ਸਿੱਧੀਆਂ ਗੱਲਾਂ ਕਰਨ ਲੱਗ ਪਿਆ। ਗੁਰੂ ਸਾਹਿਬ ਨੇ ਹੰਕਾਰ ਵਿੱਚ ਮੱਤੇ ਪੈਂਦੇ ਖਾਂ ਨੂੰ ਨੌਕਰੀ ਤੋਂ ਹਟਾ ਦਿੱਤਾ।

**ਕੁਲਜੀਤ ਸਿੰਘ** : ਕੀ ਪੈਂਦੇ ਖਾਂ ਨੂੰ ਏਨਾ ਹੰਕਾਰ ਹੋ ਗਿਆ ?

**ਬਾਪੂ ਜੀ** : ਹੰਕਾਰ ਬੁਰੀ ਬਲਾ ਹੈ। ਜਿਸ ਨੂੰ ਚੰਬੜ ਜਾਂਦਾ ਹੈ ਉਸਨੂੰ ਰੱਬ ਵੀ ਭੁਲਾ ਦਿੰਦਾ ਹੈ।

ਕੁਲਜੀਤ ਸਿੰਘ: ਨੌਕਰੀਓਂ ਹਟਾਏ ਜਾਣ ਬਾਅਦ ਪੈਂਦੇ ਖਾਂ



www.AKJ.Org

ਕਿੱਥੇ ਗਿਆ ?

**ਬਾਪੂ ਜੀ** : ਪੈਂਦੇ ਖਾਂ ਨੇ ਜਲੰਧਰ ਦੇ ਫੌਜਦਾਰ ਕੁਤਬਦੀਨ ਕੋਲ ਗੁਰੂ ਸਾਹਿਬ ਦੇ ਖਿਲਾਫ ਜਾ ਚੁਗਲੀ ਕੀਤੀ। ਉਸ ਨੇ ਫੌਜਦਾਰ ਦੇ ਕੰਨ ਭਰੇ ਕਿ ਮੈਂ ਗੁਰੂ ਸਾਹਿਬ ਦੀਆਂ ਫੌਜਾਂ ਦਾ ਸੈਨਾਪਤੀ ਸੀ, ਸਾਰੀਆਂ ਲੜਾਈਆਂ ਵਿੱਚ ਉਨ੍ਹਾਂ ਦੀ ਜਿੱਤ ਮੇਰੇ ਕਰਕੇ ਹੀ ਹੋਈ ਹੈ। ਜੇ ਤੁਸੀਂ ਹੁਣ ਕਰਤਾਰਪੁਰ ਤੇ ਹਮਲਾ ਕਰ ਦੇਵੇ ਤਾਂ ਗੁਰੂ ਦਾ ਕੰਡਾ ਕੱਢਿਆ ਜਾ ਸਕਦਾ ਹੈ।

**ਕੁਲਜੀਤ ਸਿੰਘ** : ਕੰਡਾ ਕੱਢਣ ਦਾ ਕੀ ਮਤਲਬ ?

**ਬਾਪੂ ਜੀ** : "ਕੰਡਾ ਕੱਢਣਾ" ਮੁਹਾਵਰਾ (ਅਖਾਣ) ਹੈ। ਇਸ ਦਾ ਮਤਲਬ ਹੈ ਦੁਖਦਾਈ ਚੀਜ਼ ਨੂੰ ਖਤਮ ਕਰਨਾ, ਮਾਰ ਮੁਕਾਉਣਾ।

**ਪ੍ਰਭਜੋਤ** : ਬਾਪੂ ਜੀ ! ਕੀ ਮੁਗਲ ਫੌਜਾਂ ਨੇ ਗੁਰੂ ਸਾਹਿਬ ਤੇ ਫੇਰ ਹੱਲਾ ਬੋਲ ਦਿੱਤਾ ?

**ਬਾਪੂ ਜੀ** : ਸੰਨ ੧੬੩੪ ਈਸਵੀ ਵਿੱਚ ਪੈਂਦੇ ਖਾਂ ਗੁਰੂ ਘਰ ਦੇ ਦੋਖੀਆਂ ਨਾਲ ਰਲ ਕੇ ਕਰਤਾਰਪੁਰ ਤੇ ਫੌਜ ਚੜ੍ਹਾ ਲਿਆਇਆ। ਅੱਗੋਂ ਗੁਰੂ ਕੇ ਸਿੱਖ ਕਿਹੜਾ ਚੂੜੀਆਂ ਪਹਿਨੀ ਬੈਠੇ ਸਨ। ਉਹ ਵੀ ਆਪਣੇ ਸ਼ਸ਼ਤਰ ਲੈ ਕੇ ਦੁਸ਼ਮਣ ਤੇ ਟੁੱਟ ਪਏ। ਖੂਬ ਜੰਗ ਮਚਿਆ, ਚੌਦਾਂ ਕੁ ਸਾਲ ਦਾ ਬਾਲਕ (ਗੁਰੂ) ਤੇਗ ਬਹਾਦਰ ਵੀ ਇਸ ਜੰਗ ਵਿੱਚ ਆਪਣੇ ਜੌਹਰ ਦਿਖਾ ਰਿਹਾ ਸੀ। ਬੇਸ਼ਰਮ, ਹੰਕਾਰੀ ਤੇ ਅਕਿਰਤਘਣ ਪੈਂਦੇ ਖਾਂ ਘੋੜੇ ਤੇ ਸਵਾਰ ਗੁਰੂ ਸਾਹਿਬ ਨਾਲ ਟੱਕਰ ਲੈਣ ਲਈ ਸਾਹਮਣੇ ਆ ਗਿਆ। ਗੁਰੂ ਸਾਹਿਬ ਨੇ ਹੱਸਦੇ ਹੋਏ ਉਸ ਨੂੰ ਕਿਹਾ, "ਵਾਰ ਕਰ ਬਰਖੁਰਦਾਰ ਤੇ ਕੱਢ ਲੈ ਆਪਣੇ ਦਿਲ ਦੀ ਭੜਾਸ।" ਅੱਗੋਂ ਲੂਣ ਹਰਾਮੀ ਪੈਂਦੇ ਖਾਂ ਨੇ ਬੜੀ ਢੀਠਤਾਈ ਨਾਲ ਕਿਹਾ ਕਿ "ਗੁਰੂ ਜੀ ਤੀਰਕਮਾਨ ਛੱਡੋ ਤੇ ਤਲਵਾਰ ਨਾਲ ਲੜਾਈ ਕਰਕੇ ਮੇਰੇ ਨਾਲ ਦੇਖੋ।" ਗੁਰੂ ਸਾਹਿਬ ਨੇ ਦਿਲ ਵਿੱਚ ਬਿਨਾ ਰੰਜਸ਼ ਲਿਆਇਆਂ ਸ੍ਰੀ ਸਾਹਿਬ (ਕ੍ਰਿਪਾਨ) ਸੂਤ ਲਈ। ਪੈਂਦੇ ਖਾਂ ਨੇ ਇੱਕ ਭਰਵਾ ਵਾਰ ਕੀਤਾ ਜੋ ਗੁਰੂ ਸਾਹਿਬ ਦਾ ਕੁੱਝ ਨਾ ਵਿਗਾੜ ਸਕਿਆ, ਵਧੇਰੇ ਜੋਸ਼ ਵਿੱਚ ਆ ਕੇ ਉਸ ਨੇ ਦੂਜਾ ਵਾਰ ਕੀਤਾ ਜਿਹੜਾ ਗੁਰੂ ਸਾਹਿਬ ਨੇ ਆਪਣੀ ਢਾਲ ਤੇ ਰੋਕ ਲਿਆ ਪਰ ਜਦੋਂ ਉਸ ਨੇ ਤੀਜਾ ਵਾਰ ਕੀਤਾ ਤਾਂ ਉਸ ਦੀ ਤਲਵਾਰ ਟੁਕੜੇ ਟੁਕੜੇ ਹੋ ਗਈ। ਤਲਵਾਰ ਟੁੱਟਣ ਤੇ ਪੈਂਦੇ ਖਾਂ ਆਪਣੇ ਘੋੜੇ ਤੋਂ ਛਾਲ ਮਾਰ ਕੇ ਗੁਰੂ ਸਾਹਿਬ ਦੇ ਘੋੜੇ ਹੇਠ ਹੋ ਗਿਆ ਤਾਂ ਜੋ ਉਹ ਗੁਰੂ ਸਾਹਿਬ ਨੂੰ ਘੋੜੇ ਸਮੇਤ ਹੀ ਧਰਤੀ ਤੇ ਪਟਕਾਅ ਮਾਰੇ,ਪਰ ਉਹ ਮਹਾਂਬਲੀ ਸਤਿਗੁਰੂ ਦਾ ਕੁੱਝ ਨਾ ਵਿਗਾੜ ਸਕਿਆ।

**ਅੰਮ੍ਰਿਤਪਾਲ** : ਫੇਰ ਕੀ ਹੋਇਆ ?

**ਬਾਪੂ ਜੀ** : ਪੈਂਦੇ ਖਾਂ ਦਾ ਘੁਮੰਡ ਤੋੜਨ ਵਾਸਤੇ ਗੁਰੂ ਸਾਹਿਬ ਨੇ ਆਪਣੀ ਢਾਲ ਉਸ ਦੇ ਸਿਰ ਤੇ ਏਨੇ ਜ਼ੋਰ ਨਾਲ ਮਾਰੀ ਕਿ ਉਹ ਧਰਤੀ ਤੇ ਡਿੱਗ ਪਿਆ ਅਤੇ ਉੱਠ ਨਾ ਸਕਿਆ। ਇਹ ਦੇਖ ਕੇ ਗੁਰੂ ਸਾਹਿਬ ਘੋੜੇ ਤੋਂ ਹੇਠਾਂ ਉੱਤਰ ਆਏ ਅਤੇ ਛਾਂ ਵਜੋਂ ਆਪਣੀ ਢਾਲ ਪੈਂਦੇ ਖਾਂ ਦੇ ਚਿਹਰੇ ਤੇ ਕਰਦੇ ਹੋਏ ਕਹਿਣ ਲੱਗੇ, "ਪੈਂਦੇ ਖਾਂ ! ਕਲਮਾ ਪੜ੍ਹ ਲੈ , ਤੇਰਾ ਅੰਤ ਆ ਗਿਆ ਹੈ।"

ਸਤਿਗੁਰੂ ਜੀ ਦੇ ਮੂੰਹੋਂ ਹਮਦਰਦੀ ਤੇ ਪਿਆਰ ਭਰੇ ਇਹ ਬੋਲ ਸੁਣ ਕੇ ਪੈਂਦੇ ਖਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਹ ਸਿਸਕਦਾ ਹੋਇਆ ਬੋਲਿਆ, "ਗੁਰੂ ਜੀ ! ਤੁਹਾਡੀ ਮਿਹਰ ਹੀ ਮੇਰਾ ਕਲਮਾ ਹੈ।" ਇਉਂ ਕਹਿੰਦਾ ਹੋਇਆ ਪੈਂਦੇ ਖਾਂ ਦੰਮ ਤੋੜ ਗਿਆ।

ਬੱਚਿਓ ! ਇਸ ਜੰਗ ਵਿੱਚ ਪੈਂਦੇ ਖਾਂ ਦਾ ਦਾਮਾਦ ਉਸਮਾਨ ਖਾਂ ਬਾਬਾ ਗੁਰਦਿੱਤਾ ਜੀ ਹੱਥੋਂ ਮਾਰਿਆ ਗਿਆ। ਫੌਜਦਾਰ ਕੁਤਬਦੀਨ ਗੁਰੂ ਸਾਹਿਬ ਦੇ ਤੀਰ ਦਾ ਨਿਸ਼ਾਨਾ ਬਣ ਗਿਆ। ਉਨ੍ਹਾਂ ਦੀ ਮੌਤ ਤੋਂ ਬਾਅਦ ਕਾਲੇ ਖਾਂ ਗੁਰੂ ਸਾਹਿਬ ਨੂੰ ਲਲਕਾਰਦਾ ਹੋਇਆ ਸਾਹਮਣੇ ਆ ਗਿਆ। ਗੁਰੂ ਸਾਹਿਬ ਦੇ ਤੀਰ ਨਾਲ ਕਾਲੇ ਖਾਂ ਦਾ ਘੋੜਾ ਜ਼ਖਮੀ ਹੋ ਗਿਆ। ਕਾਲੇ ਖਾਂ ਦੇ ਕਹਿਣ ਤੇ ਗੁਰੂ ਸਾਹਿਬ ਘੋੜਾ ਛੱਡ ਕੇ ਤਲਵਾਰ ਦੀ ਲੜਾਈ ਤੇ ਉੱਤਰ ਆਏ। ਜਦੋਂ ਕਾਲੇ ਖਾਂ ਦੀ ਤਲਵਾਰ ਦੇ ਤਿੰਨ ਵਾਰ ਗੁਰੂ ਸਾਹਿਬ ਦਾ ਕੁੱਝ ਨਾ ਵਿਗਾੜ ਸਕੇ ਤਾਂ ਉਹ ਮੁਸਕਰਾ ਕੇ ਕਹਿਣ ਲੱਗੇ, "ਕਾਲੇ ਖਾਂ ! ਵਾਰ ਇਉਂ ਨਹੀਂ ਇੰਝ ਕਰੀਦਾ।" ਇਨ੍ਹਾਂ ਬੋਲਾਂ ਦੇ ਨਾਲ ਹੀ ਗੁਰੂ ਸਾਹਿਬ ਦੀ ਕ੍ਰਿਪਾਨ ਕਾਲੇ ਖਾਂ ਦਾ ਸਿਰ ਧੜ ਨਾਲੋਂ ਜੁਦਾ ਕਰ ਚੁੱਕੀ ਸੀ।

ਬੱਚਿਓ ! ਕਾਲੇ ਖਾਂ ਨੂੰ ਬੁਰੀ ਤਰਾਂ ਮਰਦਾ ਦੇਖ ਕੇ ਸ਼ਾਹੀ ਫੌਜਾਂ ਵਿੱਚ ਭਾਜੜ ਪੈ ਗਈ ਅਤੇ ਜਿੱਤ ਕਾਰਨ ਗੁਰੂ ਕੀਆਂ ਫੌਜਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

(ਅੰਮ੍ਰਿਤਪਾਲ ਨੇ ਜੋਸ਼ ਵਿੱਚ ਆ ਕੇ ਜੈਕਾਰਾ ਬੁਲਾ ਦਿੱਤਾ। ਸਮਾਂ ਬਹੁਤ ਹੋ ਗਿਆ ਸੀ, ਸੋ ਸਾਰੇ ਬੱਚੇ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਗੁੰਜਾਉਂਦੇ ਪੌੜੀਆਂ ਉੱਤਰ ਗਏ।)

## ਜ਼ੁਲਫਾਂ ਲੈ ਡੁੱਬੀਆਂ

ਕੋਈ ਪੱਚੀ ਕੁ ਸਾਲ ਦੀ ਗੱਲ ਹੈ ਇੱਕ ਨੌਜਵਾਨ ਮੋਟਰ-ਸਾਈਕਲ ਤੇ ਜਾ ਰਿਹਾ ਸੀ। ਜਿਉਂ ਹੀ ਉਹ ਚੌਂਕ ਵਿੱਚੋਂ ਮੋਟਰ ਸਾਈਕਲ ਮੋੜਨ ਲੱਗਾ, ਉਸਦੇ ਕੱਟੇ ਹੋਏ ਲੰਬੇ ਵਾਲ ਉਸ ਦੀਆਂ ਅੱਖਾਂ ਅੱਗੇ ਆ ਗਏ। ਜਦ ਉਸ ਨੇ ਵਾਲ ਪਰ੍ਹੇ ਕਰਨ ਲਈ ਆਪਣਾ ਸਿਰ ਝਟਕਿਆ ਤਾਂ ਉਸਦਾ ਮੋਟਰ ਸਾਈਕਲ ਸਲਿੱਪ ਕਰ ਗਿਆ ਅਤੇ ਉਹ ਸੜਕ ਤੇ ਡਿੱਗ ਪਿਆ, ਪਿਛੋਂ ਆਉਂਦੀ ਲੋਕਲ ਬੱਸ ਉਸ ਉਪਰ ਜਾ ਚੜ੍ਹੀ ਤੇ ਉਸਦਾ ਭੌਰ (ਆਤਮਾ) ਉਡਾਰੀ ਮਾਰ ਗਿਆ। ਫੈਸ਼ਨ ਪੱਟੇ ਦੀਆਂ ਜ਼ੁਲਫਾਂ ਉਸਨੂੰ ਲੈ ਡੁੱਬੀਆਂ। ਸਾਰੇ ਪਾਸੇ ਹਾਲ ਦੁਹਾਈ ਮੱਚ ਗਈ।

ਜਸਵਿੰਦਰ ਸਿੰਘ, ਖਾਂਬਰਾ (ਜਲੰਧਰ)



www.AKJ.Org

## ਬੱਚਿਆਂ ਲਈ ਸਵਾਲ (ਜੁਲਾਈ, ੯੫)

1. ਸ੍ਰੀ ਜਪੁ ਜੀ ਸਾਹਿਬ ਵਿੱਚ ਕਿੰਨੇ ਤੇ ਕਿਹੜੇ ਕਿਹੜੇ ਸਲੋਕ ਹਨ ? ਇਹ ਬਾਣੀ ਕਿਸ ਰਾਗ ਵਿੱਚ ਲਿਖੀ ਗਈ ਹੈ ?
2. ਖਾਲੀ ਥਾਂ ਭਰ ਕੇ ਇਸ ਤੁਕ ਦੇ ਅਰਥ ਲਿਖੋ ਅਤੇ ਦੱਸੋ ਕਿ ਇਹ ਕਿਸ ਗੁਰੂ ਸਾਹਿਬ ਦੀ ਉਚਾਰੀ ਹੋਈ ਹੈ ?
ਜਿਨਾ ਗੁਰਬਾਣੀ ਮਨ ਭਾਈਆ.......................... ਛਕੇ।
3. ਜਾਪੁ ਸਾਹਿਬ ਵਿਚ ਦਸਮੇਸ਼ ਪਿਤਾ ਨੇ ਅਕਾਲ ਪੁਰਖ ਦਾ ਰੂਪ ਕਿਵੇਂ ਚਿਤਰਿਆ ਹੈ ? ਬਿਆਨ ਕਰੋ।

| ਜੁਲਾਈ.੧੯੯੫ |
|---|
| ਬੱਚੇ ਦੇ ਦਸਖ਼ਤ.......................... |
| ਪਿਤਾ ਦਾ ਨਾਮ .......................... |
| ਕਿਥੇ ਰਹਿੰਦਾ ਹੈ ?.......................... |

4. ਆਨਮਤੀ ਧਰਮਾਂ ਵਿੱਚ ਇਸਤਰੀ ਨੂੰ ਤ੍ਰਿਸਕਾਰਿਆ ਗਿਆ ਹੈ ਪਰ ਸਿੱਖ ਧਰਮ ਵਿੱਚ ਇਸ ਨੂੰ ਸਤਿਕਾਰਿਆ ਗਿਆ ਹੈ। ਗੁਰਬਾਣੀ ਰਾਹੀਂ ਇਸ ਤੱਥ ਦੀ ਪੁਸ਼ਟੀ ਕਰੋ।
5. ਮ: ੫, ਪਾ: ੧੦ ਨੂੰ ਕਿਵੇਂ ਪੜ੍ਹੋਗੇ ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਕਿਸੇ ਸ਼ਬਦ ਦੀ ਇੱਕ ਤੁਕ ਲਿਖੋ ਜਿਸ ਉੱਤੇ ਪਾ: ੧੦ ਲਿਖਿਆ ਗਿਆ ਹੋਵੇ।

ਨੋਟ:- ੧. ਇਨ੍ਹਾਂ ਸਵਾਲਾਂ ਦੇ ਜਵਾਬ +2 (ਬਾਰ੍ਹਵੀਂ ਜਮਾਤ) ਤੱਕ ਦੇ ਬੱਚੇ ਭਰ ਕੇ ਭੇਜ ਸਕਦੇ ਹਨ। ੨. ਇਨ੍ਹਾਂ ਸਵਾਲਾਂ ਦੇ ਜੁਆਬ ੩੦ ਜੁਲਾਈ, ੧੯੯੫ ਤੱਕ ਸੂਰਾ ਦਫ਼ਤਰ ਵਿੱਚ ਪੁੱਜ ਜਾਣੇ ਚਾਹੀਦੇ ਹਨ। ੩. ਜਵਾਬ ਸਪੱਸ਼ਟ ਤੇ ਸੰਖੇਪ ਹੋਣ। ੪. ਜਵਾਬ ਪੱਤਰ ਦੇ ਹੇਠਾਂ ਬੱਚੇ ਦਾ ਆਪਣਾ ਨਾਮ, ਉਮਰ, ਕਿਸ ਜਮਾਤ ਤੇ ਕਿਸ ਸਕੂਲ ਵਿੱਚ ਪੜ੍ਹਦਾ ਹੈ ਅਤੇ ਚਿੱਠੀ ਪੱਤਰ ਲਈ ਪੂਰਾ ਪਤਾ ਲਿਖਿਆ ਹੋਇਆ ਹੋਵੇ। ੫. ਜਵਾਬ ਪੱਤਰ ਉੱਤੇ ਉਤਲਾ ਕੂਪਨ ਭਰ ਕੇ ਚਿਪਕਾਇਆ ਹੋਵੇ। ੬. ਜਵਾਬ ਪੱਤਰ ਬੰਦ ਲਿਫ਼ਾਫੇ ਵਿੱਚ ਭਾਰ ਅਨੁਸਾਰ ਪੂਰੀਆ ਟਿਕਟਾਂ ਲਗਾ ਕੇ ਭੇਜਿਆ ਜਾਏ। ਲਿਫ਼ਾਫੇ ਦੇ ਬਾਹਰ "ਸਵਾਲ ਜਵਾਬ" ਲਿਖਿਆ ਹੋਇਆ ਹੋਵੇ। ੭. ਬਿਨਾਂ ਕੂਪਨ ਚਿਪਕਾਏ ਜਵਾਬ ਪ੍ਰਵਾਨ ਨਹੀਂ ਕੀਤੇ ਜਾਣਗੇ।

ਪਿਆਰੇ ਬੱਚਿਓ ! "ਸੂਰਾ" ਵਿੱਚ ਹਰ ਮਹੀਨੇ ਗੁਰਬਾਣੀ, ਸਿੱਖ ਰਹਿਤ ਮਰਯਾਦਾ ਅਤੇ ਇਤਿਹਾਸ ਬਾਰੇ ਛਪਦੇ ਸਵਾਲਾਂ ਦੇ ਜਵਾਬ ਭੇਜ ਕੇ ਵੱਧ ਤੋਂ ਵੱਧ ਇਨਾਮ ਪ੍ਰਾਪਤ ਕਰੋ। ਸੰਪਾਦਕ।

### ਬੱਚਿਆਂ ਦੇ ਸਵਾਲ-ਜਵਾਬ, ਮਈ, ੧੯੯੫ ਦਾ ਨਤੀਜਾ

ਪਹਿਲਾ ਸਥਾਨ :-(1) ਕਮਲਦੀਪ ਸਿੰਘ, ਫਗਵਾੜਾ। (2) ਨਰੇਂਦਰ ਸਿੰਘ, ਸ੍ਰੀ ਗੰਗਾ ਨਗਰ।
ਦੂਜਾ ਸਥਾਨ :- ਗੁਰਪ੍ਰੀਤ ਸਿੰਘ, ਬਰਨਾਲਾ।

## ਰਿਸ਼ਤੇ ਨਾਤੇ

ਨੋਟ:- ਕੇਵਲ ਸ਼ਾਕਾਹਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। 2. ਕੇਵਲ ਕੇਸਕੀਧਾਰੀ ਬੀਬੀਆਂ ਲਈ ਹੀ ਚਿੱਠੀ ਪੱਤਰ ਕਰੋ ਜੀ। 3. ਆਪਣੀ ਅਰਜੀ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਤੇ ਸਪੱਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 4. ਛਪੀ ਅਰਜੀ ਦੇ ਜਵਾਬੀ ਖੱਤ ਦੇ ਬਾਹਰ Matriomonial form no; ਲਿਖ ਕੇ ਸੂਰਾ ਦਾ ਪਤਾ ਲਿਖੋ ਜੀ। ਇੱਕ ਟਿਕਟ ਲੱਗਾ ਖਾਲੀ ਲਿਫ਼ਾਫ਼ਾ ਅੱਗੇ ਭੇਜਣ ਲਈ ਨਾਲ ਭੇਜੋ ਜੀ।

**Form LD-37:** ਗੁਰਸਿੱਖ ਬੀਬੀ ਉਮਰ 22 1/2 ਸਾਲ ਐਮ. ਏ.ਪੰਜਾਬੀ, ਟਾਈਪ ਅਤੇ ਸ਼ਾਰਟਹੈਂਡ ਸਿੱਖੀ ਹੋਈ ਲਈ ਯੋਗ ਵਰ ਦੀ ਲੋੜ ਹੈ।

**Form LD- 38:** ਗੁਰਸਿੱਖ ਬੀਬੀ ਉਮਰ 27 1/2 ਸਾਲ, ਕੱਦ 5' 5", ਐਮ.ਏ ਐਮ.ਫਿਲ. (ਪੰਜਾਬੀ) ਪਾਰਟ ਟਾਈਮ ਲੈਕਚਰਾਰ ਦੀ ਸਰਵਿਸ ਕਰ ਰਹੀ ਲੜਕੀ ਵਾਸਤੇ ਚੰਗੀ ਸਰਵਿਸ ਕਰਦੇ ਜਾਂ ਆਪਣਾ ਬਿਜ਼ਨੈਸ ਕਰਦੇ ਲੜਕੇ ਦੀ ਲੋੜ ਹੈ।

**Form LD- 39:** 1978 ਵੈਸਾਖੀ ਦੇ ਸ਼ਹੀਦ ਭਾਈ ਰਘਬੀਰ ਸਿੰਘ ਦੀ ਲੜਕੀ ਉਮਰ 19 ਸਾਲ ਕੱਦ 5' 2" ਬੀ.ਏ. ਭਾਗ ਪਹਿਲਾ ਲਈ ਯੋਗ ਵਰ ਦੀ ਲੋੜ ਹੈ।

**Form LD-40:** ਗੁਰਸਿੱਖ ਬੀਬੀ ਉਮਰ 23 ਸਾਲ ਕੱਦ 5' 7" ਐਮ.ਕਾਮ.ਬੀ.ਐਡ. ਪਬਲਿਕ ਸਕੂਲ ਵਿਚ ਪ੍ਰਾਈਵੇਟ ਨੌਕਰੀ ਕਰ ਰਹੀ ਕੀਰਤਨ ਜਾਣਦੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

**Form LD-41:** 24 ਸਾਲਾ, ਕੱਦ 5 '8", ਦਸਵੀਂ ਪਾਸ, ਦੋ ਸਾਲਾ ਸਿੱਖ ਮਿਸ਼ਨਰੀ ਕੋਰਸ ਪਾਸ ਆਪਣਾ ਕਾਰੋਬਾਰ 9000/- ਰੁ: ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

**Form LD-42:** 23 ਸਾਲਾ 5' 3", ਬੀ.ਏ ਬੀ.ਐਡ. ਟੇਲਰਿੰਗ ਕੋਰਸ ਪਾਸ, ਕੰਪਿਊਟਰ ਕੋਰਸ ਕਰ ਰਹੀ ਅਤੇ ਪ੍ਰਾਈਵੇਟ ਸਕੂਲ ਵਿੱਚ ਪਾਰਟ ਟਾਈਮ ਪੜ੍ਹਾ ਰਹੀ ਬੀਬੀ ਵਾਸਤੇ ਯੋਗ ਸਿੰਘ ਦੀ ਲੋੜ ਹੈ।

**Form LD- 43:** 27 ਸਾਲਾ, ਕੱਦ 5' 3", ਮੈਟ੍ਰਿਕ ਪਾਸ ਗੁ: ਸਿੰਘ ਸਭਾ ਖੰਨਾ ਵਿਚ 1500/-ਰੁ: ਮਾਸਿਕ ਤੇ ਮੈਨੇਜਰ ਦੀ ਨੌਕਰੀ ਕਰ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।

**Form LD- 44:** 21 ਸਾਲਾ, ਕੱਦ 5' 4" ਬੀ.ਏ.ਬੀ.ਐਡ. ਕੀਰਤਨੀ ਬੀਬੀ ਲਈ ਯੋਗ ਵਰ ਦੀ ਲੋੜ ਹੈ।

**Form LD- 45:** 36 ਸਾਲਾ, ਕੱਦ 5' 11' ਪਹਿਲੀ ਪਤਨੀ ਚੜ੍ਹਾਈ ਕਰ ਗਈ, ਦੋ ਬੱਚੇ (ਇਕ ਲੜਕੀ ਉਮਰ 6 ਸਾਲ, ਇਕ ਲੜਕਾ 4 1/2 ਸਾਲ ਦੂਸਰੀ ਅਤੇ ਪਹਿਲੀ ਵਿੱਚ ਪੜ੍ਹ ਰਹੇ) ਸਰਕਾਰੀ ਅਦਾਰੇ ਵਿੱਚ ਸੈਕਸ਼ਨਲ ਅਫ਼ਸਰ ਦੀ ਨੌਕਰੀ ਕਰ ਰਹੇ ਸਿੰਘ ਲਈ ਯੋਗ ਬੀਬੀ ਦੀ ਲੋੜ ਹੈ।


www.AKJ.Org

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

੧. ਸੁਰਾ ਮਾਸਿਕ ਪੱਤਰ ਵਿੱਚ ਛਪਵਾਉਣ ਲਈ ਸਮਾਗਮ ਸੰਬੰਧੀ ਸੂਚਨਾ ਸੰਬੰਧਤ ਪਰਚੇ ਦੇ ਮਹੀਨੇ ਤੋਂ ਘੱਟੋ ਘੱਟ ਇੱਕ ਮਹੀਨਾ ਪਹਿਲਾਂ ਜ਼ਰੂਰ ਹੀ ਸੁਰਾ ਦਫ਼ਤਰ ਵਿਖੇ ਪਹੁੰਚ ਜਾਣੀ ਚਾਹੀਦੀ ਹੈ ਤਾਂ ਹੀ ਉਹ ਸੂਚਨਾ 'ਸੁਰਾ' ਪੱਤਰ ਵਿੱਚ ਛਪ ਸਕੇਗੀ। ਭਾਵ ਸਤੰਬਰ ਦੇ ਪਰਚੇ ਵਿੱਚ ਛਪਣ ਵਾਲੀ ਸੂਚਨਾ ੧ ਅਗਸਤ ਤੋਂ ਪਹਿਲਾਂ ਪਹਿਲਾ ਸੁਰਾ ਦਫ਼ਤਰ ਵਿੱਚ ਪਹੁੰਚ ਜਾਵੇ। ੨. ਕੇਂਦਰੀ ਸਮਾਗਮਾਂ ਦੇ ਸਮਾਨੇ-ਅੰਤਰ ਸਮਾਗਮ ਨਾ ਰੱਖਿਆ ਜਾਏ ਜੀ। ੩. ਕੋਈ ਵੀ ਚਿੱਠੀ ਪੱਤਰ ਜਾਂ ਮਨੀਆਰਡਰ ਭੇਜਦੇ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ ਜੀ। ੪. ਚਿੱਠੀ ਪੱਤਰ ਜਾਂ ਮਨੀਆਰਡਰ ਉੱਤੇ ਆਪਣਾ ਪੂਰਾ ਪਤਾ ਸਾਫ਼ ਸਾਫ਼ ਲਿਖੋ ਜੀ। ੫. ਮਨੀਆਰਡਰ ਫ਼ਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਚਿੱਟ ਨੰਬਰ, ਪਤਾ, ਮਾਇਆ ਦੀ ਗਿਣਤੀ ਅਤੇ ਮਾਇਆ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

ਮਾਸਿਕ ਰੈਣਿ ਸਬਾਈ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਿਊ ਮਾਡਲ ਟਾਊਨ, ਲੁਧਿਆਣਾ ਵਿਖੇ, ੮ ਜੁਲਾਈ ਰਾਤ ਨੂੰ।

### ਗੁ: ਤਪੋਬਨ, ਕੁਮਾਰਹੱਟੀ ਜ਼ਿਲਾ ਸੋਲਨ, ਹਿਮਾਚਲ ਪ੍ਰਦੇਸ਼ ਵਿਖੇ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਨਮ ਦਿਨ ੭ ਜੁਲਾਈ ਸ਼ੁਕਰਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਕੀਰਤਨ ਤੇ ਰਾਤ ਰੈਣਿ ਸਬਾਈ ਕੀਰਤਨ, ੮ ਜੁਲਾਈ ਸ਼ਨੀਵਾਰ ਸਵੇਰੇ ੫ ਵਜੇ ਭੋਗ ਰੈਣਿ ਸਬਾਈ ਕੀਰਤਨ।

ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਾਹਜਹਾਂਪੁਰ (ਯੂ. ਪੀ.) ਵਿਖੇ ਰੈਣਿ ਸਬਾਈ ਕੀਰਤਨ ੮ ਜੁਲਾਈ ਰਾਤ ਨੂੰ।
ਹਰਚੋਵਾਲ (ਗੁਰਦਾਸਪੁਰ) ਗੁ: ਰਾਜਾ ਰਾਮ ਵਿਖੇ ਰੈਣਿ ਸਬਾਈ ਕੀਰਤਨ ੧੫ ਜੁਲਾਈ ਰਾਤ ਨੂੰ।
ਗੁ: ਮੁਸਕਿਆਣ, ਪਿੰਡ ਮੱਲ੍ਹਾਂਪੁਰ ਵਿਖੇ ਮਾਸਟਰ ਗੁਰਸੇਵਕ ਸਿੰਘ ਦੀ ਯਾਦ ਵਿੱਚ ਰੈਣਿ ਸਬਾਈ ਕੀਰਤਨ ੨੯ ਜੁਲਾਈ ਰਾਤ ਨੂੰ।

### ਗੁ: ਮੰਜੀ ਸਾਹਿਬ, ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੩ ਤੋਂ ੬ ਅਗਸਤ ੧੯੯੫

੩ ਅਗਸਤ ਵੀਰਵਾਰ **ਸਵੇਰੇ ੩ ਤੋਂ** ੬ ਸ੍ਰੀ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ।

੪ ਅਗਸਤ ਸ਼ੁਕਰਵਾਰ **ਸ਼ਾਮ ੩ ਵਜੇ** ਅੰਬਾਲਾ ਦੇ ਇਤਿਹਾਸਕ ਗੁਰਧਾਮਾਂ ਦੀ ਯਾਤਰਾ।

੫ ਅਗਸਤ ਸਵੇਰੇ ੫ **ਵਜੇ** ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ, ਸ਼ਾਮ ੭ ਵਜੇ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

### ਚੰਡੀਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਸਲਾਨਾ ਸਮਾਗਮ

ਹਰ ਸਾਲ ਦੀ ਤਰ੍ਹਾਂ ਗੁ: ਸਾਹਿਬ ਸੈਕਟਰ ੩੪ ਵਿਖੇ ੨੪ ਤੋਂ ੨੮ ਅਗਸਤ ਤੱਕ ਹੇਠ ਦਿੱਤੇ ਵੇਰਵੇ ਅਨੁਸਾਰ ਸਮਾਗਮ ਹੋ ਰਹੇ ਹਨ। ਕੀਰਤਨ, ਲੰਗਰ, ਰਿਹਾਇਸ਼ ਆਦਿ ਦਾ ਸਾਰਾ ਪ੍ਰਬੰਧ ਗੁ: ਸਾਹਿਬ ਸੈਕਟਰ ੩੪ ਵਿਖੇ ਹੀ ਹੋਵੇਗਾ।

| ਸਵੇਰੇ | ਸ਼ਾਮ |
|---|---|
| ੨੪ ਅਗਸਤ ੫ ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ੮ ਵਜੇ ਤੱਕ, | ੬.੩੦ ਤੋਂ ੯.੦੦ ਤੱਕ ਕੀਰਤਨ |
| ੨੫ ਅਗਸਤ ਕੀਰਤਨ ੬ ਵਜੇ ਤੋਂ ੯ ਤੱਕ, | ੬.੩੦ ਤੋਂ ੯.੦੦ ਤੱਕ ਕੀਰਤਨ |
| ੨੬ ਅਗਸਤ ੫.੩੦ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ੧ ਵਜੇ ਤੱਕ, | ੭.੦੦ ਵਜੇ ਅਰੰਭ ਰੈਣਿ ਸਬਾਈ ਕੀਰਤਨ |

ਅੰਮ੍ਰਿਤ ਸੰਚਾਰ:- ੨੬ ਅਗਸਤ ਸ਼ਾਮ ੭ ਵਜੇ ਗੁ: ਸਾਹਿਬ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਹੋਵੇਗਾ।

### ਅੰਬਾਲਾ ਛਾਉਣੀ ਵਿਖੇ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਗੁ: ਗੋਬਿੰਦ ਨਗਰ ਵਿਖੇ

੧੨-੮-੯੫ ਸ਼ਨੀਵਾਰ ਸਵੇਰੇ ੭ ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ। ੧੪-੮-੯੫ ਸੋਮਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ੭ ਵਜੇ ਅਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ। ੧੫-੮-੯੫ ਮੰਗਲਵਾਰ ਸਵੇਰੇ ੬ ਵਜੇ ਸਮਾਪਤੀ।

### ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | | |
|---|---|---|---|---|---|
| ਜੇਲ੍ਹ ਚਿੱਠੀਆਂ | ੩੫-੦੦ | ਅਣਡਿੱਠੀ ਦੁਨੀਆ | ੨੫-੦੦ | ਗੁਰਮਤਿ ਨਾਮ ਅਭਿਆਸ ਕਮਾਈ | ੨੦-੦੦ |
| ਗੁਰਮਤਿ ਲੇਖ | ੨੦-੦੦ | ਗੁਰਮਤਿ ਵਿਚਾਰ | ੨੦-੦੦ | ਅਨਹਦ ਸ਼ਬਦ ਦਸਮ ਦੁਆਰ | ੧੫-੦੦ |
| ਗੁਰਮਤਿ ਬਿਬੇਕ | ੨੦-੦੦ | ਗੁਰਮਤਿ ਪ੍ਰਕਾਸ਼ | ੧੫-੦੦ | ਕੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ ? | ੧੨-੦੦ |
| ਗੁਰਮਤਿ ਗੌਰਵਤਾ | ੩੨-੦੦ | ਸੱਚਖੰਡ ਦਰਸ਼ਨ | ੭-੫੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ | ੧-੦੦ |
| ਰੰਗਲੇ ਸੱਜਣ | ੨੦-੦੦ | ਗੁਰਮਤਿ ਸੱਚ ਨਿਰਣੈ | ੧੫-੦੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਜੋਤਿ ਵਿਗਾਸ | ੧੭-੫੦ | ਦਰਸ਼ਨ ਝਲਕਾਂ | ੧੨-੦੦ | ਚਰਨ ਕਮਲ ਕੀ ਮਉਜ | |
| ਸੰਤ ਪਦ ਨਿਰਣੈ | ੧੬-੦੦ | ਗੁ: ਕਰਮ ਫ਼ਿਲਾਸਫ਼ੀ | | ਕੋ ਵਿਰਲਾ ਗੁਰਮਤਿ ਚਲੈ ਜੀਉ | ੧-੫੦ |
| ਅੰਮ੍ਰਿਤ ਕੀ ਹੈ? | ੩-੦੦ | ਅੰਮ੍ਰਿਤ ਕਲਾ | ੨-੫੦ | ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੫੦ |
| ਗੁਰਮਤਿ ਰਮਜ਼ਾਂ | ੨-੫੦ | ਵਾਹਿਗੁਰੂ ਸਿਮਰਨ | ੧-੫੦ | ਸਿੰਘਾਂ ਦਾ ਪੰਥ ਨਿਰਾਲਾ | ੨-੦੦ |
| ਸੁਪਨਾ | ੧-੫੦ | ਸਿੱਖ ਕੌਣ ਹੈ ? | ੧-੫੦ | ਬਾਬਾ ਵੈਦ ਰੋਗੀਆਂ ਦਾ | ੧-੫੦ |
| ਸੱਚੀਆਂ ਦਾੜ੍ਹੀਆਂ | ੧-੫੦ | ਆਸਤਕ ਤੇ ਨਾਸਤਕ | ੧-੦੦ | ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ | ੧-੫੦ |
| ਸ਼ੰਕਿਆਂ ਦੇ ਉੱਤਰ | ੩-੦੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੧-੫੦ | ਤਿਮਰ ਅਗਿਆਨ ਤੋਂ ਉਜਿਆਰਾ | ੧-੬੦ |
| ਨਾਮ ਸਬੰਧੀ ਵਿਚਾਰ | ੨-੫੦ | ਨਾਮ ਤੇ ਨਾਮ ਦਾ ਦਾਤਾ | ੨੦-੦੦ | ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੨-੫੦ |
| ਕਥਾ ਕੀਰਤਨ | ੨੦-੦੦ | | | | |

ਪੁਸਤਕਾਂ ਮਿਲਣ ਦਾ ਪਤਾ:- ਸੁਰਾ ਮਾਸਿਕ ਪੱਤਰ, ਲੁਧਿਆਣਾ
ਸਬ ਆਫ਼ਿਸ "ਸੁਰਾ" ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ।



www.AKJ.Org